
# ਸਿੱਖੀ ਦਾ ਚਾਨਣ



ਲੇਖਕ–ਸ਼ਮਸ਼ੇਰ ਸਿੰਘ 'ਅਸ਼ੋਕ'

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥ ਧੰਨ ਨਿਰੰਕਾਰ ਜੀ !

# ਭੂਮਿਕਾ

ਨਿਰੰਕਾਰੀ ਲਹਿਰ, ਜਿਹੜੀ ਕਿ ਉਨ੍ਹੀਵੀਂ ਸਦੀ ਦੇ ਸਿੱਖ ਇਤਿਹਾਸ ਦਾ ਇਕ ਅਹਿਮ ਭਾਗ ਹੈ, ਦਰ ਅਸਲ ਇਸਤੋਂ ਢੇਰ ਸਮਾਂ ਪਹਿਲੋਂ ਜਗਤ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਚਲਤ ਕੀਤੀ ਸੀ। ਕਾਰਨ ਸਭ ਤੋਂ ਵੱਡਾ ਇਸ ਲਹਿਰ ਦੀ ਉਪਜ ਨਿਪਜ ਦਾ ਇਹ ਸੀ ਕਿ ਗੁਰੂ ਨਾਨਕ ਦੇਵ ਇਕੋ ਇਕ ਸਤਿ ਚਿਤ ਆਨੰਦ ਰੂਪ ਨਿਰੰਕਾਰ ਅਕਾਲ ਪੁਰਖ ਵਾਹਿਗੁਰੂ ਤੇ ਅਨਿਨ ਸ਼ਰਧਾਲੂ ਅਤੇ ਪਰਮ ਭਗਤ ਹੋਣ ਕਰਕੇ **'ਗੁਰੂ ਨਾਨਕ ਨਿਰੰਕਾਰੀ'** ਨਾਂ ਨਾਲ ਮਸ਼ਹੂਰ ਸਨ, ਜਿਸਦੇ ਪ੍ਰਮਾਣ ਜਨਮ ਸਾਖੀ ਗੁਰੂ ਨਾਨਕ ਅਤੇ ਸਿੱਖ ਇਤਿਹਾਸ ਵਿਚੋਂ ਅਨੇਕ ਥਾਵੀਂ ਮਿਲਦੇ ਹਨ।

ਲੋਕ ਸੁਧਾਰਕ ਜਗਤ ਪ੍ਰਸਿਧ ਚਾਰ ਉਦਾਸੀਆਂ ਰੂਪ ਸੰਸਾਰ ਦਾ ਚੱਕਰ ਲਗਾਉਣ ਸਮੇਂ ਜਦ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਰਬਾਬ ਸਮੇਤ ਆਪਣਾ ਸਾਥੀ ਬਣਾਇਆ ਤਾਂ ਕੁਦਰਤੀ ਤੌਰ ਤੇ ਉਸ ਰਬਾਬ ਦੀਆਂ ਤਾਰਾਂ ਥਿਰਕਣ ਤੇ ਵੀ ਉਸ ਵਿਚੋਂ 'ਤੂੰ ਹੀ ਨਿਰੰਕਾਰ ਏਕ ਤੂੰ ਹੀ ਨਿਰੰਕਾਰ' ਦੀ ਸੁਰੀਲੀ ਧੁਨੀ ਹੀ ਸੁਣਾਈ ਦਿੰਦੀ ਸੀ, ਜਿਸ ਕਾਰਨ ਹੀ ਪ੍ਰਸਿਧ ਵਿਦਵਾਨ ਲੇਖਕ ਭਾਈ ਕਾਹਨ ਸਿੰਘ ਜੀ ਨਾਭਾ ਦੇ ਇਸ ਸਿਫਤ ਸਲਾਹ ਬਾਰੇ ਨਿਮਨ ਲਿਖਤ ਦੋ ਕਬਿਤ ਖਾਸ ਤੌਰ ਤੇ ਸੰਗੀਤਕ ਅਹਿਮੀਅਤ ਦੇ ਪ੍ਰਤੀਕ ਹਨ–

(੧)

ਹਾ ਹਾ ਹੂ ਹੂ ਤੁੰਬਰੂ ਕੀ ਵੀਣਾ ਕੋ ਨ ਆਵੈ ਰਸ,<br>
ਤਰਜ ਨ ਭਾਵੇ ਦੇਵ ਮੁਨਿ ਮਿਜਰਾਨਾ ਕੀ।<br>
ਆਤਮ ਸਰੂਰ ਵਿਖੇ ਮਨ ਮਖ਼ਮੂਰ ਰਹੈ,<br>
ਤ੍ਰਿਖਾ ਮਿਟ ਗਈ ਮੇਰੀ ਭੰਗ ਔ ਸ਼ਰਾਬ ਕੀ।



Digitized by Panjab Digital Library | www.panjabdigilib.org

ਨਿਜਾਨੰਦ ਮਾਹਿ ਰਹੂ ਪੂਰਨ ਤ੍ਰਿਮਤ ਹੋਯੋ,
ਭੂਖ ਨ ਰਹੀ ਹੈ ਮਧੁਰਾਨ ਔ ਕਬਾਬ ਕੀ।
'ਤੂੰ ਹੀ ਨਿਰੰਕਾਰ ਏਕ ਤੂੰ ਹੀ ਨਿਰੰਕਾਰ' ਯਹ,
ਜਬ ਸੇ ਸੁਨੀ ਮੈ ਧੁਨੀ ਬਾਬੇ ਕੇ ਰਬਾਬ ਕੀ ।।੧।।

(੨)

ਭਾਵੇਂ ਕੋਈ ਲਿਖੇ ਤਸਵੀਰ ਬੇਦ ਹਾਥ ਧਾਰੀ,
ਸ਼ੀਖ ਚਕ੍ਰਧਾਰੀ ਔਰ ਸੀਸ ਗੰਗਧਾਰੀ ਕੀ।
ਦਾੜ੍ਹਾ ਅਰਤ ਧਰਨੀ ਕੋ ਧਾਰੀ, ਵਡੇ ਦੰਡ ਧਾਰੀ,
ਪਰਸ਼ੁ ਕੋ ਧਾਰੀ ਔਰ ਦ੍ਰਿੜ੍ਹ ਧਨੁ ਧਾਰ ਕੀ।
ਵੰਸੀਧਰ ਗਿਰਿਧਾਰੀ ਕੰਧੇ ਪੈ ਸਲੀਬ ਧਾਰੀ,
ਅਰਬ ਬਿਹਾਰੀ ਕਰ ਅਸਵਦ ਧਾਰੀ ਕੀ।
ਭਿੰਨ ਭਿੰਨ ਚਿਤ੍ਰਨਿ ਮੈਂ ਏਕ ਹੀ ਵਿਚਿਤ੍ਰ ਜੋਤਿ,
ਭਾਸਤਿ ਬ੍ਰਿਜੇਸ਼ ਕੋ ਹੈ ਬਾਬੇ ਨਿਰੰਕਾਰੀ ਕੀ ।।੨।।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਨਾ ਕੇਵਲ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਹੀ ਸਗੋਂ ਉਹਨਾਂ ਤੋਂ ਪਿਛੋਂ ਸਿਖ ਰਾਜ ਦੇਸਮੇਂ ਤਕ ਗੁਰੂ ਖਾਲਸੇ ਵਿਚ ਨਾਮ ਬਾਣੀ ਦਾ ਪ੍ਰਚਾਰ ਚੜ੍ਹਦੀ ਕਲਾ ਵਿਚ ਰਹਿਣ ਕਰਕੇ ਸਿਖ ਹਮੇਸ਼ਾਂ ਉਨਤੀ ਦੀਆਂ ਸਿਖਰਾਂ ਨੂੰ ਛੂਹਦੇ ਰਹੇ।

ਰਾਜ ਭਾਗ ਕਾਰਨ ਕਈ ਭਾਂਤ ਦੀਆਂ ਧਾਰਮਿਕ ਗਿਰਾਵਟਾਂ ਆਈਆਂ ਤੇ ਪੰਡਤ ਤੇ ਬ੍ਰਾਹਮਣ ਰਾਜ ਦਰਬਾਰ ਵਿਚ ਪ੍ਰਵਾਨ ਚੜ੍ਹ ਗਏ ਤੇ ਬ੍ਰਾਹਮਣ ਰੀਤਾਂ ਰਵਾਜਾਂ ਦਾ ਜ਼ੋਰ ਦਿਨੋ ਦਿਨ ਵਧਦਾ ਗਿਆ।

ਪਰ ਫੇਰ ਸੰਨ 1839 ਤੋਂ 1849 ਈ: ਤਕ ਸਿੱਖ ਰਾਜ ਦੇ ਨਾਲ ਹੀ ਸਿੱਖ ਧਰਮ ਦੀ ਗਿਰਾਵਟ ਹੋਣ ਕਰਕੇ ਜਦੋਂ ਸਿੱਖਾਂ ਦੇ ਗਲ ਗੁਲਾਮੀ ਦੇ ਤੌਕ ਮੱਲੋਜ਼ੋਰੀ ਪੈਣ ਲਗੇ ਤਾਂ ਸਿੱਖ ਪੰਥ ਦੀ ਗਿਰਾਵਟ ਹੋਣੀ ਇਕ ਕੁਦਰਤੀ ਗੱਲ ਸੀ। ਇਸ ਗਿਰਾਵਟ ਨੂੰ ਰੋਕਣ ਲਈ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ, ਬਾਬਾ ਜਸਵੰਤ ਸਿੰਘ (ਖੁਦਾ ਸਿੰਘ), ਭਾਈ ਮਹਾਰਾਜ ਸਿੰਘ ਜੀ ਆਦਿ ਅਨੇਕ ਮੋਢੀਆਂ ਵਲੋਂ ਉਪਰਾਲੇ ਤਾਂ ਬਹੁਤ ਹੋਏ, ਪਰ ਚਾਣਚੱਕ ਹੀ ਮੁਲਕੀ ਰਿਆਸਤਾਂ ਦੇ ਉਲਝੇਵੇਂ ਕਾਰਨ ਉਹਨਾਂ ਦੇ ਮਾਰੇ ਜਾਣ ਕਰਕੇ ਇਹ ਸੁਧਾਰ ਕੁਝ ਅਨਿਸਚਿਤ ਸਮੇਂ ਲਈ ਮੁਲਤਵੀ ਹੋ ਗਿਆ।

ਬਾਬਾ ਬੀਰ ਸਿੰਘ ਜੀ, ਜਸਵੰਤ ਸਿੰਘ (ਖੁਦਾ ਸਿੰਘ) ਤੇ ਭਾਈ ਮਹਾਰਾਜ ਸਿੰਘ ਤੋਂ ਪਿਛੋਂ ਸਿੱਖ ਪੰਥ ਵਿਚ ਨਵੀਂ ਜਾਗ੍ਰਿਤ ਲਿਆਉਣੀ ਤੇ ਨਾਮਬਾਣੀ ਦਾ ਪ੍ਰਚਾਰ ਕਰਨਾ ਕੋਈ ਸੁਖਾਲਾ ਕੰਮ ਨਹੀਂ ਸੀ, ਕਿਉਂਕਿ ਸਿੱਖ ਲਗ ਭਗ



Digitized by Panjab Digital Library | www.panjabdigilib.org

ਅੱਧੀ ਸਦੀ ਪਹਿਲਾਂ ਵਧੀ ਹੋਈ ਸਰਮਾਏਦਾਰੀ ਕਾਰਨ ਬ੍ਰਾਹਮਣਵਾਦ ਦੇ ਦਬੇਲ ਹੋਣ ਕਰਕੇ ਹੀ ਗੁਰੂ ਨਾਨਕ ਦੇ ਪ੍ਰਚਾਰੇ ਹੋਏ ਨਿਰੰਕਾਰੀ ਮਿਸ਼ਨ ਨੂੰ ਅੱਖੋਂ ਉਹਲੇ ਕਰਦੇ ਆ ਰਹੇ ਸਨ।

ਫ਼ੇਰ ਮਾਰਚ ਸੰਨ 1849 ਵਿਚ ਪੰਜਾਬ ਉਤੇ ਅੰਗਰੇਜ਼ੀ ਕਬਜ਼ਾ ਹੋਣਸਾਰ ਤਾਂ ਸਿੱਖ ਪੰਥ ਦੀਆਂ ਤਾਂ ਜੜ੍ਹਾਂ ਹਿਲਣ ਵਾਲੀਆਂ ਹੋ ਗਈਆਂ। ਇਸ ਲਈ ਆਪਣਾ ਭਵਿੱਖ ਬੜਾ ਧੁੰਦਲਾ ਹੋਣ ਕਰਕੇ ਤੇ ਸਿੱਖਾਂ ਦਾ ਸਿੱਖ ਧਰਮ ਤੋਂ ਥਿੜਕਣਾ ਅਤੇ ਅਨਮਤ ਜਾਂ ਮਨਮਤ ਦੇ ਪੰਜੇ ਵਿਚ ਫਸਕੇ ਖੱਜਲ ਖੁਆਰ ਹੋਣਾ ਕੋਈ ਗ਼ੈਰ ਕੁਦਰਤੀ ਗੱਲ ਨਹੀਂ ਸੀ।

ਸਿੱਖਾਂ ਨੂੰ ਇਸ ਭਿਆਨਕ ਗਿਰਾਵਟ ਤੋਂ ਬਚਾਉਣ ਲਈ ਉਸ ਸਮੇਂ ਪੱਛਮੀ ਪੰਜਾਬ ਦੇ ਇਕੋ ਇਕ ਮਹਾ ਪੁਰਸ਼ਸਨ ਜੋ ਬੜੇ ਦ੍ਰਿੜ ਇਰਾਦੇ ਨਾਲ ਸਬਰ ਤੇ ਤਹੱਮਲ ਨੂੰ ਮੁਖ ਰਖਦੇ ਹੋਏ ਇਸ ਔਕੜ ਦੇ ਸਮੇਂ ਮੈਦਾਨ ਵਿਚ ਆਏ। ਉਹ ਸਨ ਪਿਸ਼ਾਵਰ ਨਿਵਾਸੀ ਬ੍ਰਹਮ ਗਿਆਨੀ ਬਾਬਾ ਦਿਆਲ ਜੀ। ਬਾਬਾ ਦਿਆਲ ਜੀ ਦਾ ਸਮਾਂ ਸੰਨ 1783 ਤੋਂ ਸੰਨ 1855 ਈ: ਤਕ ਹੈ।

ਬ੍ਰਹਮ ਗਿਆਨੀ ਬਾਬਾ ਦਿਆਲ ਜੀ ਨੇ ਸਿੱਖ ਪੰਥ ਨੂੰ ਆਪਣੇ ਪੈਰਾਂ ਉਤੇ ਮੁੜ ਬੜੀ ਮਜ਼ਬੂਤੀ ਨਾਲ ਖਲਾਰਨ ਲਈ ਸ਼ੁਰੂ ਤੋਂ ਹੀ ਜਿਵੇਂ ਕਿ ਉਹਨਾਂ ਨੇ ਸਿੱਖ ਰਾਜ ਦੇ ਸਮੇਂ ਤੋਂ ਹੀ ਸਿੱਖਾਂ ਦੀ ਢਹਿੰਦੀ ਕਲਾ ਨੂੰ ਤਕਿਆ ਸੀ, ਬੜੀ ਸਿਆਣਪ ਤੇ ਦੂਰ-ਅੰਦੇਸ਼ੀ ਨਾਲ ਸਿਆਸੀ ਸਰਗਰਮੀਆਂ ਤੋਂ ਪਰ੍ਹੇ ਰਹਿਕੇ ਬੜੀ ਭਾਉ ਭਗਤੀ ਨਾਲ ਨਾਮ-ਬਾਣੀ ਦੇ ਪ੍ਰਚਾਰ ਵਲ ਤੇ ਕੁਰੀਤੀਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ। ਕਾਰਨ ਇਸ ਦੂਰ-ਅੰਦੇਸ਼ੀ ਦਾ ਬਹੁਤਾ ਇਹੋ ਸੀ ਕਿ ਉਸ ਸਮੇਂ ਦੇ ਸਿੱਖ ਆਗੂ, ਜਿਨ੍ਹਾਂ ਨੇ ਸਿਆਸਤ ਵਿਚ ਹੱਥ ਪਾਇਆ, ਕਿਸੇ ਨਾ ਕਿਸੇ ਤਰੀਕੇ ਨਾਲ ਵਿਰੋਧੀਆਂ ਦੇ ਹੱਥੋਂ ਬੁਰੀ ਤਰ੍ਹਾਂ ਕੁਚਲੇ ਗਏ।

ਦੂਜੇ ਪਾਸੇ ਮਾਰਚ ਸੰਨ 1849 ਵਿਚ ਪੰਜਾਬ ਉਤੇ ਅੰਗਰੇਜ਼ੀ ਕਬਜ਼ਾ ਹੋਣ ਸਾਰ, ਜਦ ਕਿ ਸਿੱਖ ਕਿਸੇ ਨਾ ਕਿਸੇ ਬਹਾਨੇ ਸ੍ਰਕਾਰ ਅੰਗਰੇਜ਼ੀ ਦੇ ਹੁਕਮ ਨਾਲ ਮਾਰੇ ਜਾ ਰਹੇ ਸਨ, ਗੁਰੂ ਪੰਥ ਦੇ ਨਾਂ ਤੇ ਜ਼ਿੰਦਾਬਾਦ ਦਾ ਨਾਅਰਾ ਲਗਾਉਣ ਤੇ ਮੁਲਕੀ ਸਿਆਸਤ ਵਿਚ ਹੱਥ ਪਾਉਣਾ ਹੋਰ ਵੀ ਖਤਰੇ ਵਾਲੀ ਗੱਲ ਸੀ, ਨਾਲੇ ਉਸ ਸਮੇਂ ਜ਼ਰਾ ਵੀ ਉਭਰਨ ਤੇ ਆਪਣਾ ਆਪ ਆਪਣੇ ਸੰਗੀ ਸਾਥੀਆਂ ਸਮੇਤ ਖਤਮ ਕਰਨਾ ਕਿਸੇ ਹਾਲਤ ਵਿਚ ਵੀ ਮੁਆਫ ਨਹੀਂ ਸੀ ਹੋ ਸਕਦਾ।

ਇਸ ਲਈ ਬ੍ਰਹਮ ਗਿਆਨੀ ਬਾਬਾ ਦਿਆਲ ਜੀ ਨੇ ਪੰਜਾਬ ਦੀ ਰਾਜਧਾਨੀ ਲਾਹੌਰ ਤੋਂ ਦੂਰਰਹਿਕੇ ਪਹਿਲਾਂ ਪਿਸ਼ਾਵਰ ਤੇ ਫੇਰ ਰਾਵਲਪਿੰਡੀ ਨੂੰ ਆਪਣੇ



Digitized by Panjab Digital Library | www.panjabdigilib.org

ਨਿਰੰਕਾਰੀ ਮਿਸ਼ਨ ਦੇ ਪ੍ਰਚਾਰ ਦੀਅ ਸਰਗਰਮੀਆਂ ਦਾ ਕੇਂਦਰ ਬਣਾਇਆ। ਉਹ ਵੀ ਨਾਮ ਬਾਣੀ ਦੇ ਪ੍ਰੇਮੀ, ਸੰਤਾਂ-ਭਗਤਾਂ ਤੇ ਨਿਰੋਲ ਗੁਰਮਤਿ ਪ੍ਰੇਮੀਆਂ ਗੁਰਮੁਖ ਮਰਜੀਉੜਿਆਂ ਦੇ ਸ਼ਾਂਤ-ਮਈ ਵਾਤਾਵਰਣ ਵਿਚ।

ਬਾਬਾ ਜੀ ਦਾ ਇਹ ਪ੍ਰਚਾਰ ਭਾਵੇਂ ਅੰਗਰੇਜ਼ ਕਰਮਚਾਰੀਆਂ ਦੀਆਂ ਤਿਖੀਆਂ ਨਜ਼ਰਾਂ ਤੋਂ ਉਹਲੇ ਨਹੀਂ ਸੀ, ਪਰ ਉਹ ਇਸ ਪ੍ਰਚਾਰ ਵਿਚ ਸਿਆਸਤ ਦਾ ਕਿਸੇ ਪਾਸਿਓਂ ਕੋਈ ਵੀ ਲਗਾਉ ਨਾ ਦੇਖਕੇ ਸਿਰਫ ਸਾਧਾਰਣ ਜਿਹੀਆਂ ਰਪੋਟਾਂ ਤੋਂ ਵੱਧ ਕੋਈ ਨੋਟਿਸ ਨਾ ਲੈ ਸਕੇ, ਪਰ ਫ਼ੇਰ ਵੀ ਜਿਵੇਂ ਕਿ ਸੰਨ 1849 ਤੋਂ ਸੰਨ 1854 ਦੀਆਂ ਸਰਕਾਰ ਅੰਗਰੇਜ਼ੀ ਦੀਆਂ ਖੁਫੀਆ ਰਪੋਟਾਂ ਤੋਂ ਪਤਾ ਲਗਦਾ ਹੈ, ਸਰਕਾਰ ਅੰਗਰੇਜ਼ੀ ਬਾਬਾ ਜੀ ਦੀ ਇਸ ਨਾਮ-ਬਾਣੀ ਉਤੇ ਆਧਾਰਤ ਨਿਰੰਕਾਰੀ ਲਹਿਰ ਤੋਂ ਉਕੀ ਹੀ ਨਾਵਾਕਿਫ ਨਹੀਂ ਸੀ, ਕਿਉਂਕਿ ਜਿਵੇਂ ਇਸ ਸੰਬੰਧ 'ਚ ਅੰਗਰੇਜ਼ ਅਫਸਰਾਂ ਦੀਆਂ ਗੁਪਤ ਹਦਾਇਤਾਂ ਤੋਂ ਸਾਫ ਝਲਕ ਪੈਂਦੀ ਹੈ।

ਬਾਬਾ ਦਿਆਲ ਜੀ ਦੇ ਨਾਮ-ਬਾਣੀ ਦੇ ਪ੍ਰਚਾਰ ਦਾ ਮੁਖ ਉਦੇਸ਼ ਸੀ-ਸਿੱਖਾਂ ਵਿਚੋਂ ਬ੍ਰਾਹਮਣਵਾਦ ਦੀ ਪਰਪਾਟੀ ਨੂੰ, ਜੋ ਕਿ ਸਿੱਖ ਰਾਜ ਦੇ ਸਮੇਂ ਤੋਂ ਹੀ ਸਿਖਾਂ ਦੀ ਰਹਿਤ ਮਰਯਾਦਾ ਵਿਚ ਢਿਲਾਈ ਹੋਣ ਤੇ ਧੀਰੇ ਧੀਰੇ ਪ੍ਰਚਲਤ ਹੋਣ ਲਗ ਪਈ ਸੀ, ਸਿੱਖ ਪ੍ਰਵਾਰਾਂ ਵਿਚੋਂ ਖਤਮ ਕਰਨਾ, ਦੇਵੀ-ਦੇਵਤਿਆਂ ਦੀ ਪੂਜਾ ਤੇ ਹੋਰ ਫੁਟਕਲ ਮਨ-ਮਨੌਤਾਂ ਨੂੰ ਪੰਥ ਵਿਚੋਂ ਮਿਟਾਉਣਾ, ਗੁਰਮਤਿ ਦੇ ਅਨੁਸਾਰ ਆਨੰਦ ਵਿਆਹ ਦੀ ਪੁਨੀਤ ਮਰਯਾਦਾ ਨੂੰ ਪ੍ਰਚਲਤ ਕਰਨਾ, ਬੁਤ ਪ੍ਰਸਤੀ ਦੇ ਨਾਲ ਹੀ ਅਨੇਕ ਪ੍ਰਕਾਰ ਦੇ ਵਹਿਮਾਂ ਪਖੰਡਾਂ ਨੂੰ ਜੰਞੂ ਟਿਕੇ ਦੀ ਕਾਣ ਸਮੇਤ ਸਿਖ ਭਾਈਚਾਰੇ ਵਿਚੋਂ ਪਰੇ ਧਕੇਲਣਾ ਤੇ ਸਰਬੱਤ ਖਾਲਸੇ ਨੂੰ ਗੁਰੂ ਨਾਨਕ ਨਿਰੰਕਾਰੀ ਦੇ ਇਕ ਈਸ਼੍ਵਰਵਾਦੀ ਗਾਡੀ ਰਾਹ ਉਤੇ ਚਲਾਉਣਾ।

ਬਸ ਇਹੋ ਕਾਰਨ ਸੀ ਜਿਸ ਕਰਕੇ ਨਾ ਕੇਵਲ ਗੁਰਦੁਆਰਿਆਂ ਦੇ ਮਨ ਮਤੀਏ ਪੁਜਾਰੀ ਹੀ, ਸਗੋਂ ਹੋਰ ਨਾਗਰਿਕ ਤੇ ਆਮ ਅਥਵਾ ਸਾਧਾਰਣ ਸਿੱਖ ਵੀ, ਜਿਨ੍ਹਾਂ ਦੇ ਦਿਲਾਂ ਉਤੇ ਅੱਧੀ ਸਦੀ ਤੋਂ ਲਗਾਤਾਰ ਮਨਮਤ ਤੇ ਵਹਿਮ ਪ੍ਰਸਤੀ ਦੀ ਤਹਿ ਜੰਮਦੀ ਚਲੀ ਆ ਰਹੀ ਸੀ, ਬ੍ਰਹਮ ਗਿਆਨੀ ਬਾਬਾ ਦਿਆਲ ਜੀ ਦੇ ਇਸ ਦਲੇਰੀ ਭਰੇ ਪ੍ਰਚਾਰ ਤੋਂ ਵਿਰੁਧ ਹੋ ਗਏ ਤੇ ਅੰਧਾ ਧੁੰਧ ਬ੍ਰਾਹਮਣ-ਵਾਦ ਦੀਪਿੱਠ ਠੋਕਣ ਲੱਗ ਪਏ।

ਨਾਗਰਿਕ ਸਿਖਾਂ ਵਿਚ ਰਾਵਲਪਿੰਡੀ ਦਾ ਮਜਿਸਟਰੇਟ ਸਰਦਾਰ ਨਿਹਾਲ ਸਿੰਘ ਛਾਛੀ ਤੇ ਉਸਦਾ ਪਿੱਠੂ ਦੀਵਾਨ ਤੋਰੂ ਰਾਇ ਸਨ।*

---

*'ਪੰਜਾਬ ਚੀਫਸ' ਸ: ਨਿਹਾਲ ਸਿੰਘ **K. C. S. I.** ਭਾਗ ਦੂਜਾ ਪੰਨਾ 289 ਛਾਪ 1940।



Digitized by Panjab Digital Library | www.panjabdigilib.org

ਸੰਨ 1849 ਤੋਂ 1354 ਈ: ਤਕ ਕੁਝ ਸੱਤਰਕੁ ਅੰਗਰੇਜ਼ ਕਰਮਚਾਰੀ, ਜਿਨ੍ਹਾਂ ਨੇ ਪੱਛਮੀ ਪੰਜਾਬ ਤੋਂ ਉਠੀ ਬਾਬਾ ਦਿਆਲ ਜੀ ਦੀ ਇਸ ਨਿਰੰਕਾਰੀ ਲਹਿਰ ਨੂੰ ਇਸਦੇ ਸਤਿਸੰਗਾਂ ਰਾਹੀਂ ਬੜੀ ਬਾਰੀਕੀ ਨਾਲ ਤਕਿਆ। ਇਸ ਵਿਚ ਤਨਿਕ ਮਾਤਰ ਵੀ ਕਿਸੇ ਸਿਆਸਤ ਦਾ ਲਗਾਉ ਨਾ ਹੋਣ ਦੇ ਬਾਵਜੂਦ ਸਿਰਫ ਇਸ ਖਿਆਲ ਨਾਲ ਕਿ ਨਾਮ ਬਾਣੀ ਦੇ ਰਸੀਏ ਆਮ ਸਿਖ ਇਸ ਲਹਿਰ ਰਾਹੀਂ ਇਕ ਲੜੀ ਵਿਚ ਬਝ ਰਹੇ ਸਨ, ਕੁਝ ਸੰਦੇਹ ਦੇ ਦ੍ਰਿਸ਼ਟੀਕੋਣ ਤੋਂ ਤਕਿਆ ਪਰ ਫੇਰ ਵੀ ਉਹ ਇਸ ਤੋਂ ਵਿਰੁਧ ਕੋਈ ਰੋਕ ਪਾਉਣ ਤੋਂ ਅਸਮਰਥ ਰਹੇ। ਇਸੇ ਕਾਰਨ ਬਾਬਾ ਦਿਆਲ ਜੀਦੀ ਚਲਾਈ ਹੋਈ ਇਹ ਲਹਿਰ ਇਸ ਸਮੇਂ ਦੇ ਦੌਰਾਨ ਵਿਚ ਇਕ ਨਿਰਝਰਣੀ (ਨਦੀ) ਵਾਂਗੂ ਇਕ ਟਿਕਵੇਂ ਤੇ ਬਝਵੇ ਵਹਾਉ ਵਿਚ ਬੇਰੋਕ ਟੋਕ ਚਲਦੀ ਰਹੀ।

ਬਾਬਾ ਦਿਆਲ ਜੀ ਤੋਂ ਬਾਅਦ ਫੇਰ ਸਮਾਂ ਆਇਆ, ਉਹਨਾਂ ਦੇ ਨੌਜਵਾਨ ਉਤਸ਼ਾਹੀ ਸਪੁਤਰ ਬਾਬਾ ਦਰਬਾਰਾ ਸਿੰਘ ਜੀ ਦਾ। ਇਹਨਾਂ ਦਾ ਸਮਾਂ ਸੰਨ 1855 ਤੋਂ ਸੰਨ 1870 ਈ: ਤਕ ਹੈ। ਇਹ ਪ੍ਰਸਿਧ ਇਨਕਲਾਬੀ ਆਗੂ ਬਾਬਾ ਰਾਮ ਸਿੰਘਜੀ ਨਾਮਧਾਰੀ ਦੇ ਸਮਕਾਲੀ ਸਨ। ਪੰਥਕ ਵਿਚਾਰਧਾਰਾ ਕੁਝ ਪ੍ਰੀਵਰਤਨ ਹੋਣ ਦੇ ਕਾਰਨ ਭਾਵੇਂ ਇਹ ਸਮਾਂ ਨਿਰੰਕਾਰੀ ਮਿਸ਼ਨ ਦੇ ਪ੍ਰਚਾਰ ਲਈ ਬੜਾ ਬਿਖੜਾ ਸੀ। ਉਹ ਵੀ ਰਸਤੇ ਦੀਆਂ ਭਿਆਨਕ ਔਕੜਾਂ ਦੇ ਕਾਰਨ ਵੀ ਬਾਬਾ ਜੀ ਆਪਣੇ ਨਿਸਚੇ ਉਤੇ ਹਮੇਸ਼ਾ ਅਟਲ ਤੇ ਅਡੋਲ ਰਹੇ ਜਿਸ ਕਾਰਨ ਕਿਸੇ ਵੀ ਗੁਰਮਤਿ ਵਿਰੋਧੀ ਤਾਕਤ ਅਗੇ ਉਨ੍ਹਾਂ ਨੇ ਕਦੇ ਸਿਰ ਨਹੀਂ ਝੁਕਾਇਆ ਤੇ ਨਾ ਹੀ ਨਿਰੰਕਾਰੀ ਲਹਿਰ ਤੇ ਕਿਸੇ ਬਾਹਰੀ ਮਿਸ਼ਨ ਦਾ ਪ੍ਰਭਾਵ ਹੀ ਪੈਣ ਦਿਤਾ।

ਬਾਬਾ ਦਰਬਾਰਾ ਸਿੰਘਜੀ ਨਿਰੰਕਾਰੀ ਤੇ ਬਾਬਾ ਰਾਮ ਸਿੰਘਜੀ ਨਾਮਧਾਰੀ ਦਾ ਪਰਸ-ਪਰ ਵੱਡਾ ਫਰਕ ਇਹ ਸੀਕਿ ਨਿਰੰਕਾਰੀ ਲਹਿਰ ਸਿਰਫ ਨਾਮ ਬਾਣੀ ਦੇ ਆਸਰੇ ਚਲਦੀ ਸੀ, ਜਿਸ ਕਰਕੇ ਉਸਦਾ ਦੇਸ਼ ਵਿਦੇਸ਼ ਦੇ ਕਿਸੇ ਰਾਜਨੀਤਕ ਮਸਲੇ ਨਾਲ ਕੋਈ ਸੰਬੰਧ ਨਹੀਂ ਸੀ, ਪਰ ਬਾਬਾ ਰਾਮ ਸਿੰਘ ਜੀ ਦੀ ਨਾਮਧਾਰੀ ਲਹਿਰ ਦਾ ਮੁਖ ਮੰਤਵ ਸੀ ਨਾਮ ਬਾਣੀ ਦੇ ਪ੍ਰਚਾਰ ਨਾਲ ਲੋਕ ਰਾਇ ਆਪਣੇ ਪੱਖ ਵਿਚ ਕਰਕੇ ਅੰਗਰੇਜ਼ੀ ਹਕੂਮਤ ਨੂੰ ਜੋ ਅਜੇ ਤਾਜ਼ੀ ਹੀ ਏਥੇ ਕਾਇਮ ਹੋਈ ਸੀ, ਬੜੀ ਤੇਜ਼ੀ ਨਾਲ ਖਤਮ ਕਰਕੇ ਪੰਜਾਬ ਦੀ ਧਰਤੀ ਪਰ ਮੁੜ ਸਿਖ ਰਾਜ ਕਾਇਮ ਕਰਨਾ। ਪਰ ਇਸ ਲਹਿਰ ਦੀ ਕਾਮਯਾਬੀ ਲਈ ਹਾਲਾਤ ਬਾਬਾ ਰਾਮ ਸਿੰਘ ਜੀ ਦੇ ਅਨੁਕੂਲ ਨਹੀਂ ਸਨ, ਕਿਉਂਕਿ ਸੰਨ 1849 ਤੋਂ 1859 ਤਕ ਦਸ ਸਾਲਾਂ ਦੇ ਅਰਸੇ ਵਿਚ ਹੀ ਦੇਸ ਵਾਸੀਆਂ ਦੀ



Digitized by Panjab Digital Library | www.panjabdigilib.org

ਆਪਸੀ ਫੁਟ ਦੇ ਕਾਰਨ ਸੰਨ 1857 ਦੇ ਗ਼ਦਰ ਦੇ ਬਾਵਜੂਦ ਵੀ ਅੰਗਰੇਜ਼ੀਰਾਜ ਉਲਟਣ ਦੀ ਥਾਵੇਂ ਉਸ ਦੀਆਂ ਜੜ੍ਹਾਂ ਹੋਰ ਮਜ਼ਬੂਤ ਹੋਗਈਆਂ ਸਨ ।

ਇਸ ਲਈ ਸਿਖਾਂ ਦੀ ਰਾਜਸੀ ਤਾਕਤ, ਜੋ ਸੰਨ 1845-46 ਤੋਂ ਸੰਨ 1848-49 ਦੀਆਂ ਲੜਾਈਆਂ ਕਾਰਨ ਪਹਿਲੇ ਹੀ ਪੂਰੀਤਰ੍ਹਾਂ ਖਤਮ ਹੋ ਚੁਕੀ ਸੀ, ਇਸ ਲਈ ਉਹਨਾਂ ਦਾ ਮੁੜ ਨਵੇਂ ਸਿਰਿਓਂ ਇਸ ਅੰਦੋਲਨ ਦੇ ਨਤੀਜੇ ਵਜੋਂ ਉਭਰਕੇ ਆਪਣੇ ਪੈਰਾਂ ਉਤੇ ਖਲੋਣਾ ਸੋਲਾਂ ਆਨੇ ਇਕ ਅਸੰਭਵ ਜਿਹੀ ਗੱਲ ਸੀ, ਇਸ ਲਈ ਬਾਬਾ ਰਾਮ ਸਿੰਘ ਜੀ ਦੀ ਚਲਾਈ ਹੋਈ ਨਾਮਧਾਰੀ ਲਹਿਰ ਤਾਂ ਸੰਨ 1860 ਤੋਂ ਚਲਕੇ ਸੰਨ 1872 ਤਕ ਨਾਮ-ਧਾਰੀਆਂ ਨੂੰ ਸਖਤ ਸਜ਼ਾਵਾਂ ਮਿਲਣ ਤੇ ਬਾਬਾ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਤੋਂ ਬਾਅਦ ਖਤਮ ਹੋ ਗਈ।

ਪਰ ਬਾਬਾ ਦਰਬਾਰਾ ਸਿੰਘ ਜੀ ਦੇ ਅਧੀਨ ਨਿਰੰਕਾਰੀ ਲਹਿਰ, ਜਿਸਦਾ ਕਿਸੇ ਵੀ ਹੋਰ ਸਿਆਸੀ ਕੰਮ ਵਿਚ ਉਕਾ ਹੀ ਦਖਲ ਨਾ ਹੋਣਾ ਬਦਸਤੂਰ ਇਸ ਸਮੇਂ ਦੇ ਦੌਰਾਨ ਤੇ ਇਸਤੋਂ ਪਿਛੋਂ ਹੀ ਬਕਾਇਦਾ ਇਕ ਰਸ ਚਲਦੀ ਰਹੀ ।

ਬਾਬਾ ਦਿਆਲ ਜੀ ਚੂਕਿ ਪਿਸ਼ਾਵਰ ਤੋਂ ਹਟਕੇ ਰਾਵਲਪਿੰਡੀ ਆ ਵਸੇ ਸਨ ਤੇ ਬਾਬਾ ਦਰਬਾਰਾ ਸਿੰਘ ਜੀ ਦੇ ਧਾਰਮਿਕ ਤੇ ਸਮਾਜਿਕ ਸੁਧਾਰ ਦਾ ਵੀ ਇਹੋ ਪ੍ਰਮੁਖ ਕੇਂਦਰ ਸੀ, ਇਸ ਲਈ ਇਥੇ ਅਗਾਂਹ ਵਧੂ ਸਿਖ ਸ਼ਰਧਾਲੂਆਂ ਦੀ ਕੋਈ ਕਮੀ ਨਹੀਂ ਸੀ । ਉਹ ਇਸ ਕਰਕੇ ਗੁਰੂ ਨਾਨਕ ਬਾਣੀ ਤੋਂ ਪ੍ਰਭਾਵਤ ਹੋਕੇ ਬਹੁਤ ਸਾਰੇਸਿਖ ਪਖੰਡਵਾਦ ਤੋਂ ਪਹਿਲਾਂ ਹੀ ਉਪਰਾਮ ਸਨ ਤੇ ਨਾਮਧਰੀਕ ਦੇਵੀ ਦੇਵਤਿਆਂ ਦੇ ਪ੍ਰਚਾਰ ਨੂੰ ਉਹ ਦੇਸ਼ ਕੌਮ ਉਤੇ ਇਕ ਪ੍ਰਕਾਰ ਦਾ ਭਾਰ ਸਮਝਦੇ ਸਨ ।

ਪਰ ਬ੍ਰਾਹਮਣਵਾਦ ਤੋਂ ਪ੍ਰਭਾਵਤ ਕੁਝ ਸਿਖ ਸਰਦਾਰ ਨਿਹਾਲ ਸਿੰਘ ਛਾਛੀ ਆਦਿ ਜੋ ਸਚੇ ਸਿਖ ਅਖਵਾਉਣ ਦੀ ਥਾਵੇਂ ਪੱਕੇ ਸਨਾਤਨੀ ਅਖ-ਵਾਉਣ ਵਿਚ ਆਖਣਾ ਫਖਰ ਸਮਝਦੇ ਸਨ । ਨਿਰੰਕਾਰੀ ਲਹਿਰ ਦੇ ਇਸ ਪਖੰਡ ਪ੍ਰਹਾਰ ਕਰਨ ਵਾਲੇ ਪ੍ਰਚਾਰ ਵਿਚ ਰੋਕ ਸਾਬਤ ਹੋਣੇ ਕੋਈ ਗੈਰਕੁਦਰਤੀ ਗਲ ਨਹੀਂ ਸੀ ।

ਸਰਦਾਰ ਨਿਹਾਲ ਸਿੰਘ ਛਾਛੀ ਕੇ. ਸੀ. ਐਸ. ਆਈ, ਰਾਵਲਪਿੰਡੀ ਦਾ ਮਜਿਸਟਰੇਟ ਤੇ ਉਸੇ ਦਾ ਦੂਜਾ ਕੱਟੜ ਸਨਾਤਨੀ ਸਮਰਥਕ ਦੀਵਾਨ ਤੋਰੂ ਰਾਇ ਜੋ ਰਾਵਲਪਿੰਡੀ ਵਿਚ ਬ੍ਰਾਹਮਣਵਾਦ ਦਾ ਪੱਕਾ ਪੱਖ ਪਾਤੀ ਤੇ ਦੇਵੀ ਦੇਵਤਿਆਂ ਦਾ ਪੁਜਾਰੀ ਹੋਣਦੇ ਨਾਤੇ ਸਨਾਤਨ ਧਰਮ ਦੇ ਬਚਾਉਣ ਦੀ ਦੁਹਾਈ



Digitized by Panjab Digital Library | www.panjabdigilib.org

ਦੇਕੇ ਬਾਬਾ ਦਰਬਾਰਾ ਸਿੰਘ ਤੇ ਉਹਨਾਂ ਦਵਾਰਾ ਚਲਾਈ ਜਾ ਰਹੀ ਨਿਰੰਕਾਰੀ ਲਹਿਰ ਦਾ ਪ੍ਰਬਲ ਸ਼ਤਰੂ ਸੀ। ਇਹ ਦੋਵੇਂ ਵਿਅਕਤੀ ਬਾਬਾ ਦਿਆਲ ਜੀ ਦੇ ਸਮੇਂ ਤੋਂ ਹੀ ਨਿਰੰਕਾਰੀ ਲਹਿਰ ਦੇ ਪ੍ਰਭਾਵ ਨੂੰ ਨਾ ਸਹਾਰਦੇ ਹੋਏ ਅੰਦਰੋਂ ਅੰਦਰੀਂ ਉਸ ਤੋਂ ਵਿਰੁਧ ਮੋਏ ਸੱਪ ਵਾਂਗੂ ਵਿਹੁ ਘੋਲਦੇ ਅਤੇ ਹਰ ਪੱਖੋਂ ਉਸਨੂੰ ਨੁਕਸਾਨ ਪਹੁੰਚਾਉਣ ਉਤੇ ਰਹਿੰਦੇ ਸਨ। ਨਿਰੰਕਾਰੀ ਲਹਿਰ ਦੇ ਇਹ ਵਿਰੋਧੀ ਤੇ ਅੰਗਰੇਜ਼ੀ ਰਾਜ ਦੇ ਪੂਰੇ ਪੂਰੇ ਤਰਫਦਾਰ ਸਨ।

ਇਸ ਲਈ ਇਨ੍ਹਾਂ ਨੇ ਬਾਬਾ ਜੀ ਦੇ ਸੰਬੰਧ ਵਿਚ ਉਨ੍ਹਾਂ ਨੂੰ ਇਕ ਨਵੀ ਲਹਿਰ ਦਾ ਸਮਾਜਵਿਰੋਧੀ ਸੰਚਾਲਕ ਦੱਸਕੇ ਅੰਗਰੇਜ਼ ਅਫਸਰਾਂ ਨੂੰ ਕੁਝ ਭੂਹੇ ਕਰਨ ਦੇ ਵੀ ਜਤਨ ਕੀਤੇ, ਪਰ ਫੇਰ ਵੀ ਜਦ ਕਦੇ ਮਾਨ ਯੋਗ ਸੰਚਾਲਕ ਜੀ ਦੀ ਪਰਖ ਹੁੰਦੀ ਰਹੀ ਤਾਂ ਕੋਈ ਅਜਿਹਾ ਸਿਆਸੀ ਨੁਕਤਾ ਹਕੂਮਤ ਦੇ ਹੱਥ ਨਾ ਲੱਗਾ ਜੋ ਏਨਾ ਨੁਕਸਾਨ ਪਹੁੰਚਾ ਸਕੇ ਇਸ ਕਾਰਨ ਬਾਬਾ ਦਰਬਾਰਾ ਸਿੰਘ ਜੀ ਦੀ ਹਰ ਮੈਦਾਨ ਫਤਹਿ ਹੁੰਦੀ ਰਹੀ। ਸਰਦਾਰ ਨਿਹਾਲ ਸਿੰਘ ਛਾਛੀ ਕੇ. ਸੀ. ਐਸ. ਆਈ. ਦਾ ਦੇਹਾਂਤ ਸੰਨ 1873 ਈ: ਵਿਚ ਬਾਬਾ ਰੱਤਾ ਜੀ ਦੇ ਸਮੇਂ ਹੋਇਆ ਤੇ ਉਸ ਤੋਂ ਮਗਰੋਂ ਨਿਰੰਕਾਰੀ ਲਹਿਰ ਦੇ ਵਿਰੁਧ ਉਹਨਾਂ ਦੀ ਇਹ ਜਦੋ ਜਹਿਦ ਮੱਠੀ ਪੈ ਗਈ।

ਮਾਨ ਯੋਗ ਬਾਬਾ ਦਰਬਾਰਾ ਸਿੰਘ ਜੀ ਨੇ ਆਪਣੇ ਅਣਥਕ ਜਤਨਾਂ ਨਾਲ ਸੰਨ 1855 ਤੋਂ ਸੰਨ 1870 ਈ: ਤਕ ਜਦੋਂ ਕਿ ਆਪ ਗੁਰਪੁਰੀ ਸਿਧਾਰੇ, ਗੁਰਮਤਿ ਅਨੁਸਾਰ ਸਿਖਾਂ ਵਿਚ ਆਨੰਦ ਵਿਵਾਹ ਦੀ ਪ੍ਰੰਪਰਾ (ਜੋ ਪਹਿਲਾਂ ਹਿੰਦੂ ਮਤ ਦੇ ਪ੍ਰਭਾਵ ਕਾਰਨ ਮੱਠੀ ਪੈ ਗਈ ਸੀ, ਮੁੜ ਚਲਾਈ ਤੇ ਜ਼ਿਲਾ ਜਿਹਲਮ ਦੇ ਪਿੰਡ ਰਾਜੜ ਵਿਚ ਸਤਿਸੰਗ ਭਵਨ (ਗੁਰਦਵਾਰਾ) ਬਣਾਕੇ ਤਹਿਸੀਲ ਫਤਹਿਜੰਗ ਵਿਚ ਪਹਿਲੀ ਗੁਰਮਤਿ ਚਲਾਈ।

ਇਸੇ ਤਰ੍ਹਾਂ ਪਿੰਡ ਕਾਲਾ ਗੁਜਰਾਂ ਤੇ ਤੂਲਾਈ ਕਲਾਂ ਵਿਚ ਗੁਰਮਰਯਾਦਾ ਟੋਰੀ। ਫੇਰ ਸ੍ਰੀ ਅੰਮ੍ਰਿਤਸਰ ਪਹੁੰਚਕੇ ਬਾਬਾ ਬਿਕ੍ਰਮ ਸਿੰਘ ਜੀ ਬੇਦੀ† ਨੂੰ ਗੁਰਮਤਿ ਦਾ ਉਪਦੇਸ ਦਿੜਾ ਤੇ ਉਹਨਾਂ ਨੂੰ ਸਨਾਤਨੀ ਮਰਯਾਦਾ ਤੋਂ ਹਟਾ ਕੇ ਗੁਰਮਤਿ ਦੇ ਪਾਸੇ ਜੋੜਿਆ।

ਫੇਰ ਵਾਪਸ ਰਾਵਲਪਿੰਡੀ ਪੁਜਣ ਤੇ ਨਾਮਧਾਰੀ ਲਹਿਰ ਦੇ ਮੂਲ ਪ੍ਰਵਰਤਕ ਮਾਨ ਯੋਗ ਬਾਬਾ ਰਾਮ ਸਿੰਘ ਜੀ ਭੈਣੀ (ਜ਼ਿਲਾ ਲੁਧਿਆਣਾ) ਪਿੰਡ

---

†ਆਪ ਸ੍ਰੀ ਮਾਨ ਬਾਬਾ ਸਾਹਿਬ ਸਿੰਘ ਬੇਦੀ ਦੇ ਸਪੁਤਰ ਸਨ।



Digitized by Panjab Digital Library | www.panjabdigilib.org

ਹਜਰੋਂ ਤੋਂ ਬਾਬਾ ਬਾਲਕ ਸਿੰਘ ਜੀ ਦਾ ਸਤਿਸੰਗ ਕਰਕੇ ਵਾਪਸ ਮੁੜਦੇ ਹੋਏ ਨਿਰੰਕਾਰੀ ਦਰਬਾਰ ਵਿਚ ਬਾਬਾ ਦਰਬਾਰਾ ਸਿੰਘ ਜੀ ਦੇ ਪਾਸ ਹਾਜ਼ਰ ਹੋਏ ਤੇ ਉਹਨਾਂ ਨੂੰ ਆਪਨੇ ਵਾਪਸ ਆਪਣੇ ਨਗਰ ਪਹੁੰਚ ਕੇ ਪੰਜਾਬ ਵਿਚ ਇਸੇ ਤਰ੍ਹਾਂ ਸਹੀ ਤੌਰ ਤੇ ਗੁਰਮਤਿ ਦੇ ਪ੍ਰਚਾਰ ਲਈ ਪ੍ਰੇਰਿਆ।

ਇਸਤੋਂ ਬਾਅਦ ਆਪਨੇ ਪਿੰਡ ਜੱਬੀ ਤੇ ਪਿੰਡੀ ਘੇਬ ਵਿਚ ਇਹੋ ਗੁਰਮਤਿ ਦ੍ਰਿੜਾਈ। ਜਦ ਆਪ ਪਿੰਡੀ ਘੇਬ ਤੋਂ ਵਾਪਸ ਫਤਹਿ ਜੰਗ ਪੁਜੇ ਤਾਂ ਉਥੇ ਵੀ ਲਗਾਤਾਰ ਗੁਰਮਤਿ ਦੇ ਪ੍ਰਚਾਰ ਦਾ ਇਹੋ ਸਿਲਸਿਲਾ ਜਾਰੀ ਰਖਿਆ।

ਫੇਰ ਬਾਬਾ ਦਰਬਾਰਾ ਸਿੰਘ ਜੀ ਨੇ ਵੀ ਆਪਣੇ ਜੀਵਨ ਦੇ ਛੇਕੜਲੇ ਵਰ੍ਹਿਆਂ ਵਿਚ ਪਿੰਡ ਸਯੱਦ (ਜ਼ਿਲਾ ਜੇਹਲਮ) ਦੇ ਸਥਾਨ ਭਾਈ ਸੋਭਾ ਸਿੰਘ ਰਾਮ ਸਿੰਘ ਸਨਾਤਨੀ ਸਿਖ ਦੇ ਘਰ, ਜਿਹੜਾ ਕਿ ਵੇਦਿਕ ਵਿਧੀ ਨਾਲ ਫੇਰੇ ਘੇਰਿਆਂ ਦੇ ਆਦੀ ਹੋਣ ਕਰਕੇ ਗੁਰਮਤਿ ਤੋਂ ਸੈ ਕੋਹਾਂ ਪਰੇ ਵਸਦੇ ਸਨ. (ਭਾਈ) ਬਾਬਾ ਭਾਗ ਮਲ਼ ਨਿਰੰਕਾਰੀ ਦੇ ਪੁਤਰ ਭਾਈ ਗਣੇਸ਼ ਦਾਸ ਦਾ ਆਨੰਦ ਵਿਆਹ ਦਾ ਅਸਚਰਜ ਨਜ਼ਾਰਾ ਪੇਸ਼ ਆਇਆ। ਜਦ ਬਾਰਾਤ ਸੱਯਦ ਪੁਜੀ ਤਾਂ ਭਾਈ ਸੋਭਾ ਸਿੰਘ ਤੇ ਰਾਮ ਸਿੰਘ ਆੜ ਗਏ ਕਿ ਉਹ ਆਪਣੀ ਲੜਕੀ ਦਾ ਵਿਆਹ ਆਨੰਦ ਕਾਰਜ ਦੇ ਢੰਗ ਨਾਲ ਨਹੀਂ ਸਗੋਂ ਵੇਦਿਕ ਰੀਤੀ ਨਾਲ ਕਰਨਗੇ। ਪਰ ਏਧਰ ਬਾਬਾ ਦਰਬਾਰਾ ਸਿੰਘ ਜੀ ਨੇ ਜੋ ਉਸ ਬਾਰਾਤ ਵਿਚ ਮੁਖੀ ਸਨ, ਉਨ੍ਹਾਂ ਦੀ ਇਹ ਮਨਮਤ ਮੰਨਣ ਵਾਸਤੇ ਸੌ ਜਤਨ ਕਰਨ ਤੇ ਵੀ ਸਹਿਮਤ ਨਾ ਹੋਏ। ਆਖਰ ਜਦ ਬਾਰਾਤ ਸੱਤ ਦਿਨ ਉਥੇ ਬੈਠੀ ਰਹੀ ਤੇ ਛੇਕੜ ਬਾਬਾ ਜੀ ਨੇ ਉਸ ਗਣੇਸ਼ ਦਾਸ ਦੇ ਲੜਕੇ ਦਾ ਆਨੰਦ ਕਾਰਜ ਪਿੰਡ ਫਤਿਹ ਜੰਗ ਕਰਨ ਦੀ ਆਸ ਪ੍ਰਗਟ ਕੀਤੀ ਤਾਂ ਧੇਤਿਆਂ ਦੇ ਪੈਰ ਡਗਮਗਾਏ ਤੇ ਉਹ ਵੇਦਿਕ ਰੀਤੀ ਛੱਡ ਗੁਰਮਤਿ ਦੇ ਅਨੁਸਾਰ ਹੀ ਵਿਆਹ ਕਰਨ ਤੇ ਰਜ਼ਾਮੰਦ ਹੋ ਗਏ। ਜਿਸਦੇ ਨਤੀਜੇ ਵਜੋਂ ਦੂਰ ਨੇੜੇ ਦੇ ਸਾਰੇ ਲੋਕਾਂ ਦੀ ਮੌਜੂਦਗੀ ਵਿਚ ਭਾਈ ਸੋਭਾ ਸਿੰਘ ਤੇ ਰਾਮ ਸਿੰਘ ਦੇ ਹਾਰ ਮੰਨਣ ਤੇ ਉਹ ਆਨੰਦ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਪੂਰਨ ਗੁਰਮਤਿ ਦੇ ਅਨੁਸਾਰ ਹੀ ਹੋਇਆ, ਜਿਸ ਦੀਆਂ ਉਸ ਇਲਾਕੇ ਵਿਚ ਧੁੰਮਾਂ ਪੈ ਗਈਆਂ।

ਫੇਰ ਇਸ ਤੋਂ ਅਗੇ ਦੂਜੀ ਕਰਾਮਾਤ ਗੁਰੂ ਨਾਨਕ ਬਾਣੀ ਦੇ ਪ੍ਰਤਾਪ ਨਾਲ ਇਹ ਪ੍ਰਤੱਖ ਨਜ਼ਰ ਆਈ ਕਿ ਬਾਬਾ ਦਰਬਾਰਾ ਸਿੰਘ ਜੀ ਆਪਣੇ ਨੌਂ-ਨਿਹਾਲ ਬਾਬਾ ਹਰੀ ਸਿੰਘ ਜੀ ਦੇ ਵਿਆਹ ਤੋਂ ਫਾਰਗ ਹੋਕੇ ਜਦ ਵਾਪਸ



Digitized by Panjab Digital Library | www.panjabdigilib.org

ਆਉਣ ਹੀ ਲਗੇ ਸਨ ਤਾਂ ਭਾਈ *ਸ਼ਾਮਾ, ਪਿਆਰਾ ਤੇ ਮੋਹਰਾ ਹੱਥ ਬੰਨ੍ਹਕੇ ਸੇਵਾ ਵਿਚ ਹਾਜਰ ਹੋਏ ਤੇ ਕਹਿਣ ਲਗੇ–

"ਕੁਝ ਸੇਵਾ ਬਖਸ਼ੋ।"

ਇਹ ਕਹਿਣ ਤੇ ਬਾਬਾ ਜੀ ਨੇ ਉਹਨਾਂ ਨੂੰ ਕਿਹਾ–

"ਆਪਣੀ ਲੜਕੀ ਦਾ ਰਿਸ਼ਤਾ ਸਾਡੇ ਕਹਿਣ ਤੇ ਭਾਈ ਰਾਮ ਸਿੰਘ ਨਾਲ ਕਰ ਦਿਉ।"

ਪਰ ਅਗੋਂ ਉਨ੍ਹਾਂ ਦੇ ਇਤਰਾਜ਼ ਕਰਨ ਤੇ ਕਿ "ਮਹਾਰਾਜ, ਭਾਈ ਰਾਮ ਸਿੰਘ ਤਾਂ ਮਿਰਗੀ ਦਾ ਮਰੀਜ਼ ਹੈ।"

ਇਸ਼ਦੇ ਉਤਰ ਵਿਚ ਬਾਬਾ ਜੀ ਨੇ ਸੁਭਾਵਕ ਹੀ ਫੁਰਮਾਇਆ–

"ਜਦ ਉਹ ਗੁਰੂ ਨਾਨਕ ਦੀ ਸ਼ਰਨ ਆਇਆ ਹੈ ਤਾਂ ਫਿਰ ਮਿਰਗੀ ਦਾ ਕੀ ਸਵਾਲ ?"

ਬਸ ਫੇਰ ਬਾਬਾ ਜੀ ਦੇ ਕਹਿਣ ਸਾਰ ਭਾਈ ਸ਼ਾਮੇ, ਪਿਆਰਾ ਤੇ ਮੋਹਰੇ ਨੇ ਆਪਣੀ ਲੜਕੀ ਦਾ ਵਿਆਹ ਭਾਈ ਰਾਮ ਸਿੰਘ ਨਾਲ ਗੁਰਮਤਿ ਰੀਤੀ ਮੁਤਾਬਿਕ ਕਰ ਦਿਤਾ। ਇਸ ਤੋਂ ਪਿਛੋਂ ਦਰਸ਼ਕ ਇਹ ਕੌਤਕ ਦੇਖਕੇ ਹੈਰਾਨ ਹੋਏ ਕਿ ਭਾਈ ਰਾਮ ਸਿੰਘ ਨੂੰ ਮੁੜ ਫੇਰ ਮਿਰਗੀ ਦਾ ਦੌਰਾ ਨਾ ਪਿਆ ਤੇ ਤੰਦਰੁਸਤ ਹੋ ਗਿਆ।

ਇਸ ਆਨੰਦ ਕਾਰਜ ਤੋਂ ਬਾਅਦ ਬਾਬਾ ਦਰਬਾਰਾ ਸਿੰਘ ਜੀ ਦੀਆਂ ਅੱਖਾਂ ਦੇ ਸਾਹਮਣੇ ਬਾਬਾ ਖੇਮ ਸਿੰਘ ਜੀ ਰਾਈਸ ਕਲਰ (ਰਾਵਲਪਿੰਡੀ) ਦੇ ਬਹੁਤ ਸਾਰੇ ਕਰਮਚਾਰੀਆਂ ਨੂੰ ਚਾਣ ਚੱਕ ਹੀ ਬੇਦੀ ਸਾਹਿਬ ਨੇ ਇਹ ਇਸ਼ਾਰਾ ਕਰਨ ਤੇ ਕਿ ਨਿਰੰਕਾਰੀ ਸਨਾਤਨੀ ਮਰਯਾਦਾ ਨੂੰ ਵਿਗਾੜਕੇ ਆਨੰਦ ਕਾਰਜ ਆਦਿ ਦੇ ਤਰੀਕੇ ਵਰਤਕੇ ਲੋਕ ਅਮਨ ਵਿਚ ਬੜਾ ਵਿਘਨ ਪਾ ਰਹੇ ਹਨ। ਭਾਈ ਨਿਹਾਲ ਸਿੰਘ ਕੋਹਲੀ ਕਲਰ ਨਿਵਾਸੀ ਦੀ ਪਤਨੀ ਦਾ ਅਕਾਲ ਚਲਾਣਾ ਹੋ ਗਿਆ ਤੇ ਸ਼ਬਦ ਗਾਇਨ ਕਰਦੇ ਸ਼ਮਸ਼ਾਨ ਭੂਮੀ ਵਲ ਅਰਥੀ ਗਈ ਤੇ ਕੜਾ ਪ੍ਰਸ਼ਾਦਿ ਤੇ ਲੁਚੀ ਪ੍ਰਸ਼ਾਦਿ ਵਰਤਾਇਆ ਗਿਆ। ਵਾਪਸੀ ਤੇ ਬਾਬਾ ਖੇਮ ਸਿੰਘ ਦੇ ਸੇਵਕਾਂ ਨੇ ਨਿਰੰਕਾਰੀ ਸਿੱਖਾਂ ਉਤੇ ਹਮਲਾ ਕਰ

---

*ਭਾਈ ਸ਼ਾਮਾ, ਪਿਆਰਾ ਤੇ ਮੋਹਰਾ ਸਕੇ ਭਾਈ ਸਨ। ਲੜਕੀ ਭਾਈ ਪਿਆਰੇ ਦੀ ਸੀ। ਜਿਸਨੂੰ ਤਿੰਨੇ ਭਾਈ ਆਪਣੀ ਬੇਟੀ ਸਮਝਦੇ ਸਨ।



Digitized by Panjab Digital Library | www.panjabdigilib.org

ਦਿਤਾ। ਜਿਸ ਵਿਚ ਬਾਬਾ ਦਰਬਾਰਾ ਸਿੰਘ ਜੀ ਦੇ ਅਨੇਕਾਂ ਸ਼ਰਧਾਲੂ ਸਿਖ ਫਟੜ ਹੋ ਗਏ ਤੇ ਇਸਦੇ ਨਾਲ ਬੇਦੀ ਸਾਹਿਬ ਨੇ ਉਲਟਾ ਇਕ ਮੁਕਦਮਾ ਵੀ ਬਾਬਾ ਜੀ ਦੇ ਵਿਰੁਧ ਕਰ ਦਿਤਾ। ਜੱਜ ਭੇਸ ਬਦਲਕੇ ਪੁਛ ਪਰਤੀਤ ਕਰ ਗਿਆ ਕਿ ਨਿਰੰਕਾਰੀ ਬੇਕਸੂਰ ਹਨ। ਜੋ ਇਕ ਪਾਦਰੀ ਹਾਕਮ ਦੇ ਦਖਲ ਦੇਣ ਤੇ ਖਾਰਜ ਹੋ ਗਿਆ। ਇਸ ਤਰ੍ਹਾਂ ਇਸ ਮੈਦਾਨ ਵਿਚ ਵੀ ਨਿਰੰਕਾਰੀਆਂ ਨੂੰ ਫਤਿਹ ਹਾਸਲ ਹੋਈ।

ਛੇਕੜ ਇਸ ਤਰ੍ਹਾਂ ਗੁਰੂ ਨਾਨਕ ਮਿਸ਼ਨ ਦੀ ਅਣਥੱਕ ਸੇਵਾ ਕਰਦੇ ਹੋਏ ਬਾਬਾ ਦਰਬਾਰਾ ਸਿੰਘ ਜੀ 3 ਫਗਣ ਸੰਮਤ 1926 ਬਿ: ਮੁਤਾਬਿਕ 13 ਫਰਵਰੀ ਸੰਨ 1870 ਈ: ਨੂੰ ਐਤਵਾਰ ਵਾਲੇ ਦਿਨ ਸਚਖੰਡ ਪਧਾਰੇ ਤੇ ਉਨ੍ਹਾਂਦਾ ਅੰਤਿਮ ਸੰਸਕਾਰ ਗੁਰਦਵਾਰਾ ਦਿਆਲਸਰ(ਰਾਵਲਪਿੰਡੀ) ਦੇ ਸਥਾਨ ਪਰ ਕੀਤਾ ਗਿਆ।

ਫੇਰ ਬਾਬਾ ਦਰਬਾਰਾ ਸਿੰਘ ਜੀ ਥਾਵੇਂ ਜਿਵੇਂ ਕਿ ਉਨ੍ਹਾਂ ਦਾ ਹੁਕਮ ਸੀ, ਉਹਨਾਂ ਦੇ ਛੋਟੇ ਭਾਈ ਬਾਬਾ ਰਤਨ ਚੰਦ ਜੀ ਉਰਫ਼ ਰੱਤਾ ਜੀ ਨਿਰੰਕਾਰੀ ਦਰਬਾਰ ਦੇ ਪ੍ਰਮੁਖ ਆਗੂ ਕਰਾਰ ਦਿਤੇ ਗਏ। ਇਹਨਾਂ ਦਾ ਸਮਾਂ ਸੰਨ 1870 ਈ: ਤੋਂ 1909 ਈ: ਤਕ ਲਗ ਪਗ 39 ਸਾਲ ਦਾ ਹੈ। ਇਸ 39 ਸਾਲ ਦੇ ਅਰਸੇ ਵਿਚ ਆਪਨੇ ਗੁਰੂ ਪੰਥ ਦੇ ਸਮਾਜਿਕ ਸੁਧਾਰ ਦਾ ਕੰਮ ਅਜਿਹੇ ਸੁਚੱਜੇ ਢੰਗ ਨਾਲ ਕੀਤਾ ਕਿ ਉਸ ਦੀ ਮਿਸਾਲ ਸਿੱਖ ਇਤਿਹਾਸ ਵਿਚੋਂ ਮਿਲਣੀ ਕਠਿਨ ਹੈ।

ਗੁਰੂ ਖਾਲਸੇ ਦੇ ਸਮਾਜਿਕ ਸੁਧਾਰ ਲਈ ਪੰਜਾਬ ਪ੍ਰਸਿਧ ਸਿੰਘ ਸਭਾ ਲਹਿਰ, ਜਿਸਦਾ ਮੁਢ 28 ਜੂਨ ਸੰਨ 1873 ਨੂੰ ਕੰਵਰ ਬਿਕ੍ਰਮ ਸਿੰਘ ਆਹਲੂਵਾਲੀਏ, ਸਰਦਾਰ ਠਾਕਰ ਸਿੰਘ ਸੰਧਾਵਾਲੀਏ, ਬਾਬਾ ਖੇਮ ਸਿੰਘ ਜੀ ਬੇਦੀ ਆਦਿ ਦੇ ਪ੍ਰਯਤਨਾਂ ਨਾਲ ਬਝਿਆ, ਦਰ ਅਸਲ ਬਾਬਾ ਦਿਆਲ ਜੀ ਦੀ ਚਲਾਈ ਹੋਈ ਨਿਰੰਕਾਰੀ ਲਹਿਰ ਦੇ ਪ੍ਰਚਲਿਤ ਕੀਤੇ ਮੁਢਲੇ ਸੁਧਾਰਾਂ ਦਾ ਹੀ ਪ੍ਰਤੀ ਫਲ ਸੀ, ਨਹੀਂ ਤਾਂ ਇਹ ਲਹਿਰ ਕਦੇ ਫਲੀਭੂਤ ਨਹੀਂ ਸੀ ਹੋ ਸਕਦੀ।

ਉਹ ਸ਼ਮਾਜਿਕ ਸੁਧਾਰ ਕੀ ਸਨ ? ਬਸ, ਇਹੋ ਕਿ ਗੁਰੂ ਨਾਨਕ–ਗੁਰੂ ਗੋਬਿੰਦ ਸਿੰਘ ਜੀ ਦੇ ਅਸੂਲਾਂ ਮੁਤਾਬਿਕ ਨਾਮ ਬਾਣੀ ਦੇ ਆਸਰੇ ਪਰਨੇ ਚੱਲਣਾ, ਦੇਵੀ ਦੇਵਤਿਆਂ ਦੀ ਪੂਜਾ ਅਥਵਾ ਬੁਤ ਪੂਜਾ ਨਹੀਂ ਕਰਨੀ। ਜਨਮ ਤੋਂ ਲੈਕੇ ਮਰਨ ਪ੍ਰਯੰਤ ਸਾਰੀ ਮਰਯਾਦਾ ਗੁਰਮਤਿ ਦੀ ਰਹੁਰੀਤਿ



Digitized by Panjab Digital Library | www.panjabdigilib.org

ਦੇ ਅਨੁਸਾਰ ਕਰਨੀ, ਬ੍ਰਾਹਮਣ ਮਤ, ਸਨਾਤਨ ਧਰਮ ਤੇ ਕਿਸੇ ਕਤੇਬੀ ਸੰਪ੍ਰਦਾਇ ਅਥਵਾ ਸਾਧੂ, ਸੰਤ, ਬ੍ਰਾਹਮਣ, ਹਿੰਦੂ-ਮੁਸਲਮਾਨ ਪੀਰ ਫਕੀਰ ਦੇ ਆਖੇ ਲਗ ਕਿਸੇ ਪ੍ਰਕਾਰ ਦੀ ਮਨਮਤ ਵਿਚ ਨਹੀਂ ਫਸਣਾ, ਹਰ ਪ੍ਰਕਾਰ ਦੇ ਪਾਖੰਡ ਤੋਂ ਪਰੇ ਰਹਿਣਾ, ਵਿਆਹ ਸ਼ਾਦੀਆਂ ਗੁਰਮਤਿ ਨੂੰ ਮੁਖ ਰਖਕੇ ਆਨੰਦਕਾਰਜ ਦੀ ਰੀਤਿ ਦੇ ਅਨੁਸਾਰ ਕਰਨੀਆਂ ਕਰਾਉਣੀਆਂ, ਜਾਤ ਪਾਤ ਦਾ ਭਿੰਨ ਭੇਦ ਮਿਟਾਉਣਾ, ਸਵੇਰੇ ਸ਼ਾਮ ਬਕਾਇਦਾ ਹਰ ਸਮੇਂ ਗੁਰਬਾਣੀ ਦਾ ਆਸਰਾ ਲੈਣਾ ਤੇ ਨਿਤ ਪ੍ਰਤੀ (ਜਪੁ, ਜਾਪ, ਸਵੱਯੇ, ਆਨੰਦ ਤੇ ਸੋਦਰ ਰਹਿਰਾਸ) ਦਾ ਪਾਠ ਕਰਨਾ, ਆਪਣੀ ਕਮਾਈ ਚੋਂ ਦਸਵੰਧ ਗੁਰੂ ਲੇਖੇ ਲਾਉਣਾ, ਨਿਤ ਸਵੇਰੇ ਇਸ਼ਨਾਨ ਕਰਨਾ, ਨਾਮ-ਬਾਣੀ ਦੇ ਆਦਰਸ਼ ਨੂੰ ਮੁਖ ਰਖਕੇ ਗੁਰ-ਦਵਾਰੇ ਜਾਣ ਤੇ ਸਤਿਸੰਗ ਕਰਨਾ ਆਦਿ। ਹਰ ਪ੍ਰਕਾਰ ਦੀ ਸਿਆਸਤ ਤੋਂ ਪਰੇ ਰਹਿਣ ਦਾ ਪ੍ਰਣ ਵੀ ਮੁਖ ਰਖਿਆ।

ਗੁਰਸਿੱਖੀ ਦੀਆਂ ਇਹ ਸਾਰੀਆਂ ਹੀ ਪਵਿਤਰ ਸਿਫਤਾਂ ਜੋ ਪਹਿਲੋਂ ਸਿੱਖ ਭੁਲ ਚੁਕੇ, ਪਰ ਨਿਰੰਕਾਰੀ ਲਹਿਰ ਨੇ ਪ੍ਰਚਾਰੀਆਂ ਸਨ, ਸਿੰਘ ਸਭਾ ਲਹਿਰ ਨੇ ਮਨ ਵਚਨ ਕਰਮ ਤੋਂ ਅਪਣਾਈਆਂ ਜਿਨ੍ਹਾਂ ਨਾਲ ਪੰਜਾਬੀਅਤ ਦੇ ਪ੍ਰਚਾਰ ਨੇ ਵੀ ਜ਼ੋਰ ਪਕੜਿਆ। ਇਸ ਲਈ ਏਥੇ ਜੇ ਇਹ ਕਿਹਾ ਜਾਵੇ ਕਿ ਸਿੰਘ ਸਭਾ ਲਹਿਰ ਇਨ੍ਹਾਂ ਸ਼ੁਭ ਵਿਚਾਰਾਂ ਕਾਰਨ ਹੀ ਨਿਰੰਕਾਰੀ ਲਹਿਰ ਦੀ ਦੇਣਦਾਰ ਹੈ ਤਾਂ ਇਹ ਕੋਈ ਅਤਿ ਕਥਨੀ ਵਾਲੀ ਗਲ ਨਹੀਂ ਹੋਵੇਗੀ।

ਬਾਬਾ ਰਤਨ ਚੰਦ ਜੀ ਅਥਵਾ ਰੱਤਾ ਜੀ ਨੇ ਬਾਬਾ ਦਿਆਲ ਜੀ ਤੇ ਬਾਬਾ ਦਰਬਾਰਾ ਸਿੰਘ ਜੀ ਦੇ ਇਸ ਸੰਬੰਧ ਵਿਚ ਕਾਇਮ ਕੀਤੇ ਆਦਰਸ਼ਵਾਦ ਨੂੰ ਮੁਖ ਰੱਖਕੇ ਨਾ ਕੇਵਲ ਨਿਰੰਕਾਰੀ ਲਹਿਰ ਨੂੰ ਅਗੇ ਚਲਾਇਆ। ਸਗੋਂ ਇਸ ਵਿਚ ਹੋਰ ਵੀ ਕਈ ਅਗਾਂਹ ਵਧੂ ਵਾਧੇ ਕਰਕੇ ਇਸ ਸਦੀ ਦੇ ਸਿਖ ਇਤਿਹਾਸ ਵਿਚ ਇਕ ਨਵਾਂ ਰੀਕਾਰਡ ਕਾਇਮ ਕੀਤਾ। ਜੋ ਕਿ ਹੋਰ ਵੀ ਫਖਰ ਵਾਲੀ ਗੱਲ ਸੀ।

ਸਿੰਘ ਸਭਾ ਲਹਿਰ ਦੇ ਸੰਚਾਲਕਾਂ ਵਿਚ ਬਾਬਾ ਖੇਮ ਸਿੰਘ ਬੇਦੀ ਤੋਂ ਇਲਾਵਾ ਸਿੰਘ ਸਭਾ ਰਾਵਲਪਿੰਡੀ ਦੇ ਨੁਮਾਇੰਦੇ ਭਗਤ ਲਛਮਣ ਸਿੰਘ ਤੇ ਨਿਹਾਲ ਸਿੰਘ ਸੂਰੀ ਆਦਿ ਵੀ ਖਾਸ ਅਹਿਮੀਅਤ ਰਖਦੇ ਸਨ ਜੋ ਮੁਢ ਕਦੀਮ ਤੋਂ ਨਿਰੰਕਾਰੀ ਲਹਿਰ ਨਾਲ ਲਹੂ ਮਾਸ ਦਾ ਸੰਬੰਧ ਰਖਦੇ ਸਨ। ਸੰਨ 1920-25 ਦੀ ਅਕਾਲੀ ਲਹਿਰ ਸਮੇਂ ਵੀ ਉਹਨਾਂ ਨੁਮਾਇੰਦਿਆਂ ਦੀ



Digitized by Panjab Digital Library | www.panjabdigilib.org

ਸੰਤਾਨ ਵਿਚੋਂ ਹੀ ਗਿਆਨੀ ਹੀਰਾ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ,ਮਾਸਟਰ ਤਾਰਾ ਸਿੰਘ, ਪ੍ਰਿੰਸੀਪਲ ਨਿਰੰਜਨ ਸਿੰਘ, ਪ੍ਰਿੰਸੀਪਲ ਤੇਜਾ ਸਿੰਘ ਆਦਿ ਅਜਿਹੇ ਮਹਾਨ ਵਿਅਕਤੀ ਸਨ, ਜਿਨ੍ਹਾਂ ਨੇ ਇਸ ਅਗਾਂਹ ਵਧੂ ਲਹਿਰ ਵਿਚ ਨੁਮਾਇਆਂ ਹਿੱਸਾ ਲਿਆ ਸੀ। ਬਾਬਾ ਰੱਤਾ ਜੀ ਤੋਂ ਉਨ੍ਹਾਂ ਦੇ ਗੱਦੀ ਨਸ਼ੀਨ ਬਾਬਾ ਗੁਰਦਿਤ ਸਿੰਘ ਜੀ ਤੇ ਬਾਬਾ ਹਰਾ ਸਿੰਘ ਜੀ ਇਨ੍ਹਾਂ ਸਿੰਘ ਸਭੀਆਂ ਤੇ ਅਕਾਲੀ ਆਗੂਆਂ ਨਾਲ ਬੜਾ ਡੂੰਘਾ ਸੰਪਰਕ ਰਖਦੇ ਸਨ। ਇਸ ਸਮੇਂ ਪੰਥ ਦੇ ਪ੍ਰਸਿਧ ਵਿਦਵਾਨ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਦਾ ਆਪ ਨਾਲ ਬੜਾ ਗੂਹੜਾ ਸਨੇਹ-ਭਾਵ ਸੀ।

ਨਿਰੰਕਾਰੀਆਂ ਦੀ ਵੱਡੀ ਸਿਫਤ ਇਹ ਸੀ ਕਿ ਉਹ ਆਸ਼ਾ, ਇਸ਼ਟ, ਉਪਾਸ਼ਨਾ ਦੇ ਨੁਕਤਾ ਨਿਗਾਹ ਤੋਂ ਨਾਮ-ਬਾਣੀ ਉਤੇ ਨਿਸਚਾ ਰਖਣ ਵਾਲੇ ਹੋਣ ਕਰਕੇ ਸਿੱਘ ਸਭੀਆਂ ਤੇ ਅਕਾਲੀਆਂ ਨਾਲ ਸਹਿਜੇ ਹੀ ਇਕ-ਮਿੱਕ ਹੋ ਜਾਂਦੇ ਸਨ ਤੇ ਨਾਮਧਾਰੀਆਂ ਵਰਗਾ ਸੁਭਾਵਿਕ ਤੇ ਸਹਿਜ ਸੰਕੋਚ ਉਨ੍ਹਾਂ ਵਿਚ ਸੀ ਤੇ ਨਾਹੀ ਮੁਲਕੀ ਸਿਆਸਤ ਨਾਲ ਉਹਨਾਂ ਦਾ ਏਨਾ ਲਗਾਉ ਸੀ।

ਬਾਬਾ ਰਤਨ ਚੰਦ ਉਰਫ ਰੱਤਾ ਜੀ ਨੇ ਆਪਣੇ ਸਤੋਗੁਣੀ ਸੁਭਾਉ ਦੇ ਕਾਰਨ ਨਿਰੰਕਾਰੀ ਲਹਿਰ ਨੂੰ ਜਿਵੇਂ ਪ੍ਰਫੁਲਿਤ ਕੀਤਾ ਤੇ ਨਾਮ-ਬਾਣੀ ਦਾ ਪ੍ਰੇਮ ਹਰੇਕ ਪ੍ਰਾਣੀ ਦੇ ਦਿਲ ਵਿਚ ਪੈਦਾ ਕਰਕੇ ਗੁਰਮਤਿ ਦਾ ਜੋ ਪ੍ਰਚਾਰ ਕੀਤਾ ਉਹ ਅਕਥਨੀਯ ਹੋਣ ਕਰਕੇ ਆਪਣੀ ਉਪਮਾ ਆਪ ਹੈ। ਨਿਰੰਕਾਰੀ ਦਰਬਾਰ ਵਿਚ ਬਾਬਾ ਜੀ ਕਿਸੇ ਵੀ ਸ਼ਰਾਬੀ ਕਬਾਬੀ ਜਾਂ ਐਬਦਾਰ ਵਿਅਕਤੀ ਨੂੰ ਸ਼ਾਮਲ ਨਹੀਂ ਕਰਦੇ ਸਨ। ਇਸੇ ਕਾਰਨ ਉਹਨਾਂ ਨੇ ਭਾਈ ਬੂਟਾ ਸਿੰਘ ਨਾਮੇ ਇਕ ਵਿਅਕਤੀ ਨੂੰ ਜੋ ਸ਼ਰਾਬ ਪੀਕੇ ਕੀਰਤਨ ਕਰਦਾ ਹੁੰਦਾ ਸੀ, ਪਤਾ ਲਗਣ ਤੇ ਝੱਟ ਪੱਟ ਬੁਲਾਇਆ। ਝਿੜਕ ਕੇ ਬਾਹਰ ਕਢਿਆ ਤੇ ਅਗੋਂ ਲਈ ਦਰਬਾਰ ਵਿਚ ਆਉਣ ਤੋਂ ਰੋਕ ਦਿਤਾ। ਇਸੇ ਕਾਰਨ ਇਸ ਭਾਈ ਬੂਟਾ ਸਿੰਘ ਨੇ ਰੋਹ ਵਿਚ ਆਕੇ ਆਪਣੀ ਅਲੱਗ ਜੁੰਡੀ ਬਣਾ ਲਈ ਜਿਸ ਵਿਚ ਭਾਈ ਅਵਤਾਰ ਸਿੰਘ ਆਦਿਕ ਹੋਰ ਕਿਤਨੇ ਹੀ ਸ਼ਰਾਬੀ ਕਬਾਬੀ ਸਨ। ਇਸੇ ਮਨਮੁਖ ਜੁੰਡੀ ਵਿਚੋਂ ਅੱਗੇ ਚਲਕੇ ਅਕਾਲੀ ਲਹਿਰ ਤੋਂ ਕੁਝ ਸਮੇਂ ਬਾਅਦ ਸੰਤ ਨਿਰੰਕਾਰੀ ਦੇ ਨਾਂ ਥਲੇ ਇਕ ਅਲੱਗ ਮਨਮੁਖ ਸੰਪ੍ਰਦਾਇ ਕਾਇਮ ਹੋ ਗਈ। ਜਿਸਦਾ ਗੁਰੂ ਪੰਥ ਨਾਲ ਕੋਈ ਸੰਬੰਧ ਨਾ ਰਿਹਾ। ਸੰਤ ਨਿਰੰਕਾਰੀ ਸੰਪ੍ਰਦਾਇ ਦਾ ਮੁਖ ਕੇਂਦਰ ਹੁਣ ਨਵੀਂ ਦਿਲੀ ਵਿਚ ਬਣਿਆ ਸੁਣਨ ਵਿਚ ਆਇਆ ਹੈ ਤੇ ਨਕਲੀ ਨਿਰੰ-



Digitized by Panjab Digital Library | www.panjabdigilib.org

ਕਾਰੀ ਹੋਣ ਕਰਕੇ ਸਿੱਖ ਪੰਥ ਵਲੋਂ ਇਸ ਨਵੀਂ ਸੰਪ੍ਰਦਾਇ ਦਾ ਬਾਈਕਾਟ ਕੀਤਾ ਹੋਇਆ ਹੈ।

ਬਾਬਾ ਰਤਨ ਚੰਦ ਉਰਫ ਰੱਤਾ ਜੀ ਦਾ ਦੇਹਾਂਤ ਸੰਨ 1909 ਈ: ਵਿਚ ਹੋਇਆ। ਇਹਨਾਂ ਬਾਬਾ ਗੁਰਦਿਤ ਸਿੰਘ ਜੀ ਤੇ ਬਾਬਾ ਹਰਾ ਸਿੰਘ ਜੀ ਨੇ ਸੰਨ **1909** ਤੋਂ **1947** ਤਕ ਅਤੇ ਪਿਛੋਂ ਸਾਹਿਬ ਹੱਰਾ ਸਿੰਘ ਜੀ ਨੇ ਸੰਨ 1971 ਈ: ਤਕ ਨਿਰੰਕਾਰੀ ਲਹਿਰ ਦਾ ਬੜੇ ਅੱਛੇ ਤਰੀਕੇ ਨਾਲ ਸੰਚਾਲਨ ਕੀਤਾ।

ਸੰਨ 1947 ਵਿਚ ਦੇਸ਼ ਦੇ ਵੰਡਵਾਰੇ ਸਮੇਂ ਨਿਰੰਕਾਰੀ ਵੀ ਹੋਰ ਹਿੰਦੂ ਸਿੱਖਾਂ ਵਾਂਗ ਹੀ ਚੂੰਕਿ ਪੱਛਮੀ ਪੰਜਾਬ ਚੋਂ ਨਿਕਾਸ ਹੋਣ ਸਮੇਂ ਰਾਵਲਪਿੰਡੀ ਛਡ ਆਏ ਸਨ। ਇਸ ਲਈ ਪੂਰਬੀ ਪੰਜਾਬ ਵਿਚ ਪਹਿਲਾਂ ਦਿਲੀ ਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਇਹਨਾਂ ਨੇ ਆਪਣਾ ਮੁਖ ਕੇਂਦਰ ਸਥਾਪਤ ਕੀਤਾ ਹੈ।

ਗੁਆਰਾ ]
10-5-1983 ]

ਗੁਰੂ ਪੰਥ ਦਾ ਦਾਸ—
ਸ਼ਮਸ਼ੇਰ ਸਿੰਘ 'ਅਸ਼ੋਕ'

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧

# ਸ੍ਰੀ ਬਾਬਾ ਦਿਆਲ ਜੀ

ਆਰੰਭਕ ਸਮਾਂ–

ਸੰਨ 1764 ਤੋਂ ਸੰਨ 1790 ਤਕ ਜਦ ਮੁਗਲਾਂ ਤੇ ਪਠਾਣਾਂ ਦੀ ਹਕੂਮਤ ਤੋਂ ਬਾਅਦ ਸਿੱਖ ਰਾਜ ਦੀਆਂ ਬਾਰਾਂ ਮਿਸਲਾਂ ਨੇ ਦਰਿਆ ਅਟਕ ਤੋਂ ਲੈਕੇ ਦਰਿਆ ਜਮਨਾ ਤਕ ਸਮੁਚੇ ਪੰਜਾਬ ਉਤੇ ਕਬਜ਼ਾ ਕੀਤਾ ਤਾਂ ਸਰਮਾਏਦਾਰੀ ਦੀ ਆਉ-ਆਈ ਕਾਰਨ ਨਾ ਕੇਵਲ ਸਿੱਖਾਂ ਦੀਆਂ ਰਹੁਰੀਤਾਂ ਉਤੇ ਅਸਰ ਹੀ ਪਿਆ, ਸਗੋ ਧੀਰੇ ਧੀਰੇ ਸਮੁਚੇ ਪੰਥਕ ਵਜੂਦ ਹੀ ਅਨਮਤਾਂ ਦੇ ਅਧੀਨ ਮਨਮਤ ਦੇ ਸੰਚੇ ਵਿਚ ਢੱਲਣ ਲਗ ਪਿਆ। ਜਿਸ ਕਾਰਨ ਸਿਖਾਂ ਵਿਚ ਦੇਵੀ-ਦੇਵਤਿਆਂ ਸੰਬੰਧੀ ਵਹਿਮ ਪ੍ਰਸਤੀ ਵਧਣ ਤੇ ਬੁਤ ਪ੍ਰਸਤੀ ਦਾ ਵਾਧਾ ਹੋਇਆ। ਸਿਖ ਦੀ ਰਹਿ-ਬਹਿਤ ਢਿੱਲੀ ਹੋਈ, ਜੰਤ੍ਰ ਮੰਤ੍ਰ ਤੇ ਟੂਣੇ ਟਮਾਣੇ ਜ਼ੋਰ ਪਕੜਨ ਲਗੇ, ਆਨੰਦ ਵਿਆਹ ਦੀ ਮਰਯਾਦਾ ਹਟਣ ਤੇ ਵੇਦਿਕ ਮਰਯਾਦਾ ਆਪਣਾਈ ਜਾਣ ਲਗੀ, ਘਰ ਘਰ ਗੁਰੂ ਡਮ ਦਾ ਪਸਾਰ ਹੋਇਆ, ਤੀਰਥ ਯਾਤਰਾ ਵਲ ਝੁਕਾਉ ਹੋਇਆ।

ਇਸ ਤਰ੍ਹਾਂ ਸਿਖ ਮਤ, ਹਿੰਦੂ ਮਤ, ਇਸਲਾਮ ਤੇ ਈਸਾਈਅਤ ਦੀ ਰੰਗਣ ਵਿਚ ਰੰਗਿਆ ਗਿਆ।

ਇਹ ਸਮਾਂ ਨਿਰੰਕਾਰੀ ਲਹਿਰ ਤੋਂ ਪਹਿਲਾਂ ਸਗੋਂ ਸਿਖ ਰਾਜ ਤੋਂ ਵੀ ਪਹਿਲਾਂ ਦਾ ਸਮਾਂ ਸੀ। ਇਸ ਸਮੇਂ ਬਾਰਾਂ ਮਿਸਲਾਂ ਦੇ ਸਿਖ ਚੂੰਕਿ ਸਰਮਾਇ-ਦਾਰੀ ਦੀ ਹਵਸ ਵਧਣ ਤੇ ਆਪਸ ਵਿਚ ਹੀ ਖਹਿਬੜਣ ਲਗ ਪਏ ਸਨ, ਜਿਸ



Digitized by Panjab Digital Library | www.panjabdigilib.org

ਕਰਕੇ ਭੰਗੀ ਸਰਦਾਰ ਨੇ ਪੰਜਾਬ ਦੀ ਰਾਜਧਾਨੀ ਲਾਹੌਰ ਉਤੇ ਕਬਜ਼ਾ ਕਰਕੇ ਉਸਨੂੰ ਏਕਤਾ ਦੇ ਸੂਤਰ ਵਿਚ ਪਰੋਣ ਦੀ ਥਾਵੇਂ ਤਿੰਨ ਹਿਸਿਆ ਵਿਚ ਵੰਡਿਆ। ਜਿਸ ਕਰਕੇ ਇਕੋ ਸ਼ਹਿਰ ਵਿਚ ਸਰਦਾਰ ਸੋਭਾ ਸਿੰਘ, ਗੁਜਰ ਸਿੰਘ ਤੇ ਹਰੀ ਸਿੰਘ ਭੱਗੀ ਦੀ ਵਖੋ ਵਖੋ ਅਮਲਦਾਰੀ ਹੋਣ ਤੇ ਸਮੁਚੀ ਸਿਖ ਤਾਕਤ ਨੂੰ ਨਾ ਕੇਵਲ ਧੱਕਾ ਹੀ ਲਗਾ, ਸਗੋਂ ਮਿਸਲ ਭੰਗੀਆਂ ਵੀ ਸੱਤਾ-ਹੀਣ ਹੋਣ ਕਰਕੇ ਛੇਤੀ ਹੀ ਖੇਰੂੰ ਖੇਰੂੰ ਹੋਣ ਲਗ ਪਈ।

## ਮਿਸਲ ਸ਼ੁਕ੍ਰਚੱਕੀਆਂ ਤੇ ਮਹਾਰਾਜਾ ਰਣਜੀਤ ਸਿੰਘ–

ਸਿਖਾਂ ਦੀਆਂ ਬਾਰਾਂ ਮਿਸਲਾਂ ਵਿਚੋਂ ਸ਼ੁਕਰਚੱਕੀਆਂ ਦੀ ਮਿਸਲ ਸਭ ਤੋਂ ਛੋਟੀ ਸੀ ਤੇ ਇਸ ਦੀ ਰਾਜਧਾਨੀ ਗੁਜਰਾਂਵਾਲਾ ਸੀ। ਕ੍ਰਮਵਾਰ ਇਸ ਦੇ ਮੋਢੀ ਸਨ-

ਸ: ਚੜ੍ਹਤ ਸਿੰਘ, ਸ: ਮਹਾਂ ਸਿੰਘ ਤੇ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ। ਸ: ਚੜ੍ਹਤ ਸਿੰਘ ਤੋਂ ਬਾਅਦ ਸ: ਮਹਾਂ ਸਿੰਘ ਨੇ ਆਪਣੇ ਬਾਹੂ ਬਲ ਨਾਲ ਇਸ ਮਿਸਲ ਨੂੰ ਤਰੱਕੀ ਦੀ ਮੰਜ਼ਲ ਤੇ ਪਹੁੰਚਾਇਆ ਤੇ ਫੇਰ ਸੰਨ 1780 ਈ: ਵਿਚ ਸ: ਮਹਾਂ ਸਿੰਘ ਦੇ ਘਰ ਮਾਤਾ ਰਾਜ ਕੌਰ ਤੋਂ (ਪ੍ਰਸਿਧ ਨਾਮ ਮਾਤਾ ਮਲਵੈਣ) ਦੀ ਕੁਖੋਂ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਣ ਤੇ ਇਸ ਮਿਸਲ ਨੂੰ ਹੋਰ ਵੀ ਤਰੱਕੀ ਨਸੀਬ ਹੋਈ।

ਫੇਰ ਛੇਤੀ ਹੀ ਸ: ਮਹਾਂ ਸਿੰਘ ਦਾ ਦੇਹਾਂਤ ਹੋਣ ਦੇ ਬਾਅਦ ਸ਼ੁਕ੍ਰ-ਚੱਕੀਆਂ ਦੀ ਵਾਗ ਡੋਰ ਰਣਜੀਤ ਸਿੰਘ ਦੇ ਹੱਥ ਆਈ ਤਾਂ ਉਸਨੇ ਆਪਣੀ ਸੈਨਕ ਸ਼ਕਤੀ ਹੋਰ ਵੀ ਵਧਾਈ ਤੇ ਧੀਰੇ ਧੀਰੇ ਭੰਗੀ ਸ੍ਰਦਾਰਾਂ ਦੇ ਹਥੋਂ ਲਾਹੌਰ ਲਿਆ ਤੇ ਫੇਰ ਹੋਰ ਮਿਸਲਾਂ ਨੂੰ ਕਾਬੂ ਕਰਕੇ ਬੜੀ ਅਕਲਮੰਦੀ ਨਾਲ ਸਮੁਚੇ ਇਲਾਕੇ ਪੰਜਾਬ ਨੂੰ ਏਕਤਾ ਦੇ ਸੂਤਰ ਵਿਚ ਪਰੋਣਾ ਸ਼ੁਰੂ ਕੀਤਾ। ਉਸਦੇ ਇਨ੍ਹਾਂ ਜਤਨਾਂ ਦਾ ਹੀ ਫਲ ਸੀ ਕਿ ਲਾਹੌਰ ਦੇ ਨਾਲ ਹੀ ਅੰਮ੍ਰਿਤਸਰ, ਕਸੂਰ, ਮੁਲਤਾਨ, ਸਿਆਲਕੋਟ, ਜੰਮੂ ਕਸ਼ਮੀਰ, ਹਜ਼ਾਰਾ, ਪਿਸ਼ਾਵਰ, ਜਲੰਧਰ ਦੁਆਬ ਤੇ ਕੁਝ ਸਤਲੁਜੋਂ ਪਾਰ ਮਾਲਵੇ ਦੇ ਇਲਾਕੇ ਕਬਜ਼ੇ ਵਿਚ ਆਉਣ ਤੇ ਮਹਾਰਾਜਾ ਰਣਜੀਤ ਸਿੰਘ, ਜੋ ਇਕ ਸਭ ਤੋਂ ਛੋਟੀ ਮਿਸਲ ਦਾ ਸਰਦਾਰ ਸੀ, ਛੇਤੀ ਹੀ ਮਹਾਰਾਜਾ ਪੰਜਾਬ ਦੇ ਲਕਬ ਨਾਲ ਮਸ਼ਹੂਰ ਹੋਇਆ।

## ਬਾਬਾ ਦਿਆਲ ਜੀ ਦਾ ਜਨਮ ਤੇ ਬਚਪਨ–

ਸਿਖ ਪੰਥ ਦੀ ਪਰਮ ਪ੍ਰਸਿਧ ਨਿਰੰਕਾਰੀ ਲਹਿਰ, ਜੋ ਕਿ ਇਸੇ ਜ਼ਮਾਨੇ



Digitized by Panjab Digital Library | www.panjabdigilib.org

ਦੀ ਜੰਮ ਪਲ ਹੈ, ਸਿਖਾਂ ਦੇ ਸਮਾਜਿਕ ਤੇ ਭਾਈਚਾਰਿਕ ਸੁਧਾਰ ਨੂੰ ਮੁਖ ਰਖਕੇ 19ਵੀਂ ਸਦੀ ਈਸਵੀ ਦੇ ਮੁਢ ਵਿਚ ਪ੍ਰਗਟ ਹੋਈ। ਇਸਦੇ ਪ੍ਰਮੁੱਖ ਆਗੂ ਸਨ–

ਪਿਸ਼ਾਵਰ ਨਿਵਾਸੀ ਬ੍ਰਹਮ ਗਿਆਨੀ ਬਾਬਾ ਦਿਆਲ ਜੀ ਨਿਰੰਕਾਰੀ।

ਬਾਬਾ ਦਿਆਲ ਜੀ ਦਾ ਜਨਮ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਤੋਂ ਲਗਪਗ ਤਿੰਨ ਸਾਲ ਬਾਅਦ ਮਿਤੀ ਵੈਸਾਖ ਸੁਦੀ 15 ਸੰਮਤ 1840 ਬਿ: ਮੁਤਾਬਿਕ ਸੰਨ 1783 ਈ: ਵਿਚ 17 ਮਈ ਨੂੰ ਹੋਇਆ। ਇਨ੍ਹਾਂ ਦੇ ਪਿਤਾ ਭਾਈ ਰਾਮ ਸਹਾਇ ਤੇ ਮਾਤਾ ਲਡਿੱਕੀ ਜੀ ਸਨ।

ਭਾਈ ਰਾਮ ਸਹਾਇ ਜੀ ਮਹਲਾ ਆਸੀਆਂ ਗਲੀ ਕੱਕੜਾਂ,ਪਿਸ਼ਾਵਰ ਦੇ ਵਸਨੀਕ ਸਨ। ਆਪ ਜਾਤ ਦੇ ਮਲਹੋਤਰੇ ਬਾਹਰੀ ਖਤ੍ਰੀਆਂ ਵਿਚੋਂ ਉਚੀ ਕੁਲ ਦੇ ਮੰਨੇ ਜਾਂਦੇ ਸਨ। ਆਪ ਪਿਸ਼ਾਵਰ ਵਿਚ ਸਰਾਫੀ ਦੀ ਦੁਕਾਨ ਕਰਦੇ ਸਨ। ਕਾਬਲ ਦੇ ਰੁਪਏ ਲੈਣ ਦੇਣ ਤੇ ਉਹਨਾਂ ਬਦਲੇ ਹਿੰਦੁਸਤਾਨੀ ਕਰੰਸੀ ਦੇਣ ਦਾ ਆਪ ਦਾ ਕੰਮ ਸੀ। ਇਨ੍ਹਾਂ ਦੇ ਬਜ਼ੁਰਗ ਦੇਵੀ ਸਹਾਇ ਜੀ ਤੇ ਉਨ੍ਹਾਂ ਦੇ ਸਪੁਤਰ ਗੁਰ ਸਹਾਇ ਜੀ ਮੁਢ ਕਦੀਮ ਤੋਂ ਕਾਬਲ ਦੇ ਵਸਨੀਕ ਸਨ। ਜਿਥੇ ਕਿ ਆਪ ਦੇ ਬਜ਼ੁਰਗ ਦੇਵੀ ਸਹਾਇ ਜੀ ਦੀ ਰੇਸ਼ਮ ਦੀ ਦੁਕਾਨ ਸੀ। ਪਿਛੋਂ ਕਿਸੇ ਕਾਰਨ ਭਾਈ ਗੁਰ ਸਹਾਇ ਤੇ ਭਾਈ ਰਾਮ ਸਹਾਇ ਨੇ ਕਾਬਲ ਦੀ ਬਜਾਇ ਪਿਸ਼ਾਵਰ ਦੀ ਰਿਹਾਇਸ਼ ਅਖਤਿਆਰ ਕਰ ਲਈ।

ਭਾਈ ਦੇਵੀ ਸਹਾਇ ਤੇ ਗੁਰ ਸਹਾਇ ਗੁਰਬਾਣੀ ਦੇ ਪਰਮ ਪ੍ਰੇਮੀ ਸਨ ਤੇ ਉਨਾਂ ਨੇ ਅਚਾਨਕ ਕਾਬਲ ਦੀ ਸੰਗਤ ਨਾਲ ਇਕ ਵੇਰ ਸ੍ਰੀ ਆਨੰਦਪੁਰਸਾਹਿਬ ਪਹੁੰਚਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੀ ਯਾਤਰਾ ਕੀਤੀ। ਉਥੇ ਗੁਰੂ ਸਾਹਿਬ ਦੇ ਖਜ਼ਾਨਚੀ ਭਾਈ ਭਗਵਾਨ ਸਿੰਘ ਤੇ ਉਸਦੇ ਪੁਤਰ ਭਾਈ ਵਸਾਖਾ ਸਿੰਘ ਦੇ ਨਾਲ ਉਹਨਾਂ ਦਾ ਮਿਲਾਪ ਹੋਇਆ। ਭਾਈ ਵਸਾਖਾ ਸਿੰਘ ਦੇ ਪੁਤਰ ਭਾਈ ਮਿਲਖਾ ਸਿੰਘ ਤੇ ਪੁਤਰੀ ਲਡਿੱਕੀ ਜੀ ਸਨ। ਭਾਈ ਦੇਵੀ ਸਹਾਇ ਦਾ ਗੂੜ੍ਹਾ ਮੇਲ ਜੋਲ ਹੋਣ ਤੇ ਭਾਈ ਵਸਾਖਾਸਿੰਘ ਨੇ ਆਪਣੀ ਬੇਟੀਲਡਿੱਕੀ ਦਾ ਵਿਆਹ ਉਸਦੇ ਪੋਤਰੇਰਾਮਸਹਾਇ ਨਾਲ ਕਰ ਦਿੱਤਾ ਤੇ ਦਹੇਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਪੁਰਾਤਨ ਬੀੜ ਦਿੱਤੀ। ਫੇਰ ਉਥੋਂ ਵਾਪਸ ਹੋਣ ਤੇ ਭਾਈ ਦੇਵੀ ਸਹਾਇ ਤਾਂ ਕਾਬਲ



Digitized by Panjab Digital Library | www.panjabdigilib.org

ਚਲੇ ਗਏ ਤੇ ਉਨ੍ਹਾਂ ਦੇ ਪੁਤ੍ਰ ਰਾਮ ਸਹਾਇ ਜੀ ਆਪਣੀ ਪਤਨੀ ਲਡਿੱਕੀ ਸਮੇਤ ਪਿਸ਼ਾਵਰ ਰਹਿਣ ਲੱਗੇ। ਭਾਈ ਰਾਮ ਸਹਾਇ ਨੇ ਗੁਰੂ ਗ੍ਰੰਥ ਸਾਹਿਬ ਦੀ ਉਹ ਬੀੜ ਜੋ ਉਨ੍ਹਾਂ ਨੂੰ ਦਹੇਜ ਵਿਚ ਮਿਲੀ, ਪਿਸ਼ਾਵਰ ਦੇ ਸਥਾਨ ਪਰ ਭਾਈ ਜੋਗਾ ਸਿੰਘ ਦੇ ਗੁਰਦਵਾਰੇ ਅਰਪਣ ਕਰ ਦਿਤੀ। ਭਾਈ ਰਾਮ ਸਹਾਇ ਤੇ ਮਾਤਾ ਲਡਿੱਕੀ ਦਾ ਨਿਵਾਸ ਮਹਲਾ ਆਸੀਆਂ ਗਲੀ ਕਕੜਾਂ ਵਾਲਾ ਕਰਾਰ ਪਾਇਆ, ਇਸ ਲਈ ਇਸੇ ਅਸਥਾਨ ਪਰ ਉਨ੍ਹਾਂ ਦੇ ਘਰ, ਜਿਵੇਂ ਕਿ ਪਿਛੇ ਦਸਿਆ ਗਿਆ ਹੈ, ਬ੍ਰਹਮ ਗਿਆਨੀ ਬਾਬਾ ਦਿਆਲ ਜੀ ਦਾ ਜਨਮ ਹੋਇਆ।

ਮਾਤਾ ਲਡਿੱਕੀ ਜੀ ਮਨ, ਵਚਨ ਤੇ ਕਰਮ ਤੋਂ ਨਾਮ-ਬਾਣੀ ਦੇ ਅਨੰਨ ਪ੍ਰੇਮੀ ਹੋਣ ਕਰਕੇ ਰੋਜ਼ ਸਵੇਰੇ ਸੌਚ-ਇਸ਼ਨਾਨ ਤੋਂ ਫ਼ਾਰਗ ਹੋਕੇ ਬੜੀ ਮਿਠੀ ਧੁਨਿ ਨਾਲ ਨਿਤਨੇਮ ਵਜੋਂ ਜਪੁ, ਜਾਪ, ਅਨੰਦ ਸਾਹਿਬ, ਸੁਖਮਨੀ ਸਾਹਿਬ ਤੇ ਆਸਾ ਦੀ ਵਾਰ ਦਾ ਪਾਠ ਕਰਿਆ ਕਰਦੇ ਤੇ ਫੇਰ ਬਚੇ ਸਮੇਤ ਗੁਰਦ-ਵਾਰੇ ਜਾ ਕੇ ਬੜੇ ਸ਼ਰਧਾ ਭਾਵ ਸਹਿਤ ਸਤਿਸੰਗ ਵਿਚ ਗੁਰਬਾਣੀ ਦੇ ਅਖੰਡ ਕੀਰਤਨ ਦਾ ਰਸ ਮਾਣਦੇ ਸਨ, ਇਸ ਲਈ ਉਸੇ ਸ਼ਰਧਾ ਭਾਵ ਦਾ ਪ੍ਰਭਾਵ ਬਚੇ ਉਤੇ ਪੈਣਾ ਇਕ ਕੁਦਰਤੀ ਅਸੂਲ ਸੀ। ਇਸੇ ਕਾਰਨ ਬਾਬ੍ਹਾ ਦਿਆਲ ਜੀ ਆਪਣੇ ਮਾਤਾ ਪਿਤਾ ਦੇ ਇਸ ਸਨੇਹ-ਭਾਵ ਦੇ ਸਦਕੇ ਨਾਮ ਬਾਣੀ ਦੇ ਰੋਗ ਵਿਚ ਰੰਗੇ ਗਏ ਤੇ ਸੁਰਤ ਸੰਭਲਣਸਾਰ ਉਨ੍ਹਾਂ ਦੇ ਦਿਲ ਵਿਚ ਗੁਰੂ ਨਾਨਕ ਦੀ ਬਾਣੀ ਦਾ ਇਤਨਾ ਸਨੇਹ ਜਾਗਿਆ ਕਿ ਉਹ ਹਮੇਸ਼ਾਂ "ਧੰਨ ਨਿਰੰਕਾਰ, ਧੰਨ ਨਿਰੰਕਾਰ" ਕਹਿੰਦੇ ਹੋਏ ਨਿਰੰਕਾਰ ਦਾ ਰੂਪ ਹੋਏ ਹੀ ਨਜ਼ਰ ਆਉਣ ਲਗੇ।

ਮਾਤਾ ਲਡਿੱਕੀ ਤੇ ਪਿਤਾ ਰਾਮ ਸਹਾਇ ਜੀ ਆਪਣੇ ਨੱਨੇ ਬਚੇ ਦਾ ਇਹ ਸਨੇਹ-ਭਾਵ ਦੇਖਕੇ ਹੋਰ ਵੀ ਗੱਦ ਗੱਦ ਹੋਏ ਤੇ ਉਹ ਹਮੇਸ਼ਾਂ ਇਸ ਸਬੰਧ ਵਿਚ ਲੋਰੀਆਂ ਦੇ ਕੇ ਉਸਦੀ ਹੌਂਸਲਾ ਅਫਜ਼ਾਈ ਕਰਦੇ ਰਹੇ। ਛੇ ਸੱਤ ਸਾਲ ਦੀ ਉਮਰ ਤਕ ਉਨ੍ਹਾਂ ਦੇ ਇਸ ਨਨੇ ਬਚੇ ਬਾਬਾ ਦਿਆਲ ਜੀ ਦੀ ਭਗਤੀ ਭਾਵ ਮਾਨਸਿਕ ਅਵਸਥਾ ਦਾ ਇਹ ਪ੍ਰਾਰੰਭ ਕਾਲ ਸੀ, ਜੋ ਫੇਰ ਇਸਤੋਂ ਅਗੇ ਸਾਰੀ ਉਮਰ ਇਕ ਰਸ ਨਿਭਾਇਆ।

ਵਿਦਿਆ ਪ੍ਰਾਪਤੀ–

ਬਾਲਕ ਦਿਆਲ ਜੀ ਬਚਪਨ ਤੋਂ ਹੀ ਬੜੇ ਸੂਝਵਾਨ, ਸੰਜਮੀ ਅਤੇ ਹੁੰਦੜਹੇੜ ਸਨ, ਇਸ ਲਈ ਭਾਈ ਰਾਮ ਸਹਾਇ ਜੀ ਨੇ ਉਨ੍ਹਾਂ ਨੂੰ



Digitized by Panjab Digital Library | www.panjabdigilib.org

ਗੁਰਦਵਾਰੇ ਗੁਰਮੁਖੀ ਤੇ ਫੇਰ ਇਕ ਉਸਤਾਦ ਪਾਸੋਂ ਉਰਦੂ-ਫ਼ਾਰਸੀ ਪੜ੍ਹਾਈ। ਇਸ ਪੜ੍ਹਾਈ ਵਿਚ ਉਹ ਬੜੇ ਚੁਸਤ ਤੇ ਜ਼ੂਦ ਫਹਿਮ ਸਾਬਤ ਹੋਏ। ਜਿਸ ਕਰਕੇ ਛੇਤੀ ਹੀ ਗੁਰ-ਇਤਿਹਾਸ, ਜਨਮ ਸਾਖੀਆਂ, ਗੁਰ-ਬਿਲਾਸ ਆਦਿ ਤੇ ਫ਼ਾਰਸੀ ਦੀਆਂ ਕਿਤਾਬਾਂ ਗੁਲਿਸਤਾਂ ਬੋਸਤਾਂ ਆਦਿ ਪੜ੍ਹ ਗਏ ਪਰ ਵਧੇਰੇ ਝੁਕਾਉ ਉਨ੍ਹਾਂ ਦਾ ਗੁਰੂ ਨਾਨਕ-ਬਾਣੀ ਅਤੇ ਜਨਮ ਸਾਖੀਆਂ ਵਲ ਹੀ ਰਿਹਾ।

ਜਨਮ ਸਾਖੀਆਂ ਵਿਚੋਂ ਜਿਥੇ ਉਹ 'ਗੁਰੂ ਨਾਨਕ ਨਿਰੰਕਾਰੀ' ਜਾਂ ਭਾਈ ਮਰਦਾਨੇ ਦੇ ਰਬਾਬ ਦੀ ਧੁਨਿ ਨਾਲ 'ਧੰਨ ਨਿਰੰਕਾਰ, ਧੰਨ ਨਿਰੰਕਾਰ' ਦੀ ਸੁਰ ਉਭਰਦੀ ਵੇਖਦੇ ਤਾਂ ਉਥੇ ਹੀ ਗੱਦ ਗੱਦ ਹੋਕੇ ਆਪ ਮੁਹਾਰੇ ਝੂਮ ਉਠਦੇ ਸਨ। ਗੁਰਦਵਾਰਾ ਭਾਈ ਜੋਗਾ ਸਿੰਘ ਵਿਚ ਉਸ ਸਮੇਂ ਉਨ੍ਹਾਂ ਦੇ ਜਿਤਨੇ ਵੀ ਗੁਰਬਾਣੀ ਦੇ ਹਮ-ਜਮਾਤੀ ਸਨ, ਉਹ ਸਾਰੇ ਹੀ ਬਾਬਾ ਦਾ ਇਹ ਭਗਤੀ-ਭਾਵ ਵੇਖਕੇ ਉਨ੍ਹਾਂ ਦੇ ਹਮ-ਖਿਆਲ ਹੋ ਗਏ। ਆਪ ਉਨ੍ਹਾਂ ਸਾਰਿਆਂ ਨੂੰ ਜਨਮ-ਸਾਖੀਆਂ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਸਾਖੀਆਂ ਸੁਣਾਕੇ ਨਾ ਕੇਵਲ ਉਨ੍ਹਾਂ ਦਾ ਮਨੋ-ਵਿਨੋਦ ਹੀ ਕਰਦੇ ਸਨ, ਸਗੋਂ ਗੁਰੂ ਨਾਨਕ ਦੇਵ ਜੀ ਦੇ ਨਿਰੰਕਾਰੀ ਮਿਸ਼ਨ ਬਾਰੇ ਉਨ੍ਹਾਂ ਦੀ ਉਤਸੁਕਤਾ ਵੀ ਵਧਾਉਂਦੇ ਸਨ। ਜਿਸ ਕਾਰਨ ਉਸ ਸਮੇਂ ਉਨ੍ਹਾਂ ਦੇ ਅਨੁਯਾਈਆਂ ਦੀ ਗਿਣਤੀ ਦਿਨੋ ਦਿਨ ਵਧਣ ਲੱਗ ਪਈ।

ਬਾਬਾ ਜੀ ਵਿਦਿਆਰਥੀਆਂ ਨੂੰ ਨਾਮ-ਬਾਣੀ ਦੇ ਉਪਦੇਸ਼ ਦੇ ਨਾਲ ਇਕ ਈਸ਼੍ਵਰ ਦੀ ਉਪਾਸ਼ਨਾ, ਦੇਵੀ ਦੇਵਤਿਆਂ ਦੀ ਪੂਜਾ ਦਾ ਤਿਆਗ, ਹੋਰ ਵਹਿਮਾਂ ਤੇ ਪਾਖੰਡਾਂ ਦਾ ਪ੍ਰਹਾਰ ਕਰਨ ਦੇ ਨਾਲ ਹੀ ਗੁਰਮੁਖੀ ਰਹਿਤ ਮਰਯਾਦਾ ਦਾ ਮਨ, ਵਚਨ, ਕਰਮ ਤੋਂ ਪਾਲਣ ਕਰਨਾ ਸਿਖਾਉਂਦੇ ਸਨ। ਇਸ ਤਰ੍ਹਾਂ ਇਹ ਅਵਸਥਾ ਦੇ ਪ੍ਰਚਾਰ ਦਾ ਸਮਾਂ-ਸੱਤ ਸਾਲ ਦੀ ਉਮਰ ਤੋਂ ਲੈਕੇ ਅਠਾਰਾਂ ਸਾਲ ਦੀ ਉਮਰ ਤਕ ਲਗਪਗ ਗਿਆਰਾਂ ਵਰ੍ਹੇ ਲਗਾਤਾਰ ਚਲਦਾ ਰਿਹਾ। ਅੱਗੇ ਨਿਕਟ ਭਵਿਖ ਵਿਚ ਚੱਲਣ ਵਾਲੀ ਬਾਬਾ ਦਿਆਲ ਜੀ ਦੀ ਨਿਰੰਕਾਰੀ ਲਹਿਰ ਦਾ ਇਹ ਆਦਿ ਕਾਲ ਜਾਂ ਬਾਲ-ਕਾਲ ਸੀ ਜਿਸਨੂੰ ਕਦਾਚਿੱਤ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

## ਮਾਤਾ ਲਡਿੱਕੀ ਤੇ ਪਿਤਾ ਭਾਈ ਰਾਮ ਸਹਾਇ–

ਜਦ ਬਾਬਾ ਦਿਆਲ ਜੀ 18 ਸਾਲ ਦੇ ਹੋਏ ਤਾਂ ਅਚਾਨਕ ਮਾਤਾ



Digitized by Panjab Digital Library | www.panjabdigilib.org

ਲੜਿੱਕੀ ਦੀ ਅਜਿਹੇ ਬੀਮਾਰ ਹੋਏ ਜੀਉਣ ਦੀ ਕੋਈ ਆਸ ਨਾ ਰਹੀ, ਜਿਸ ਕਰਕੇ ਉਨ੍ਹਾਂ ਨੇ ਆਪਣੇ ਇਕਲੌਤੇ ਪੁਤਰ ਦਿਆਲ ਜੀ ਨੂੰ ਬੁਲਾਕੇ ਹੁਕਮ ਦਿਤਾ ਕਿ ਉਹ ਉਨ੍ਹਾਂ ਤੋਂ ਪਿਛੋਂ ਗੁਰਦਵਾਰਾ ਭਾਈ ਜੋਗਾ ਸਿੰਘ ਜੀ ਰੋਜ਼ ਸਵੇਰੇ ਜਾਕੇ ਝਾੜੂ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗੇ ਫੁਲ ਚਾੜ੍ਹਿਆ ਕਰਨ ਤੇ ਬਾਕਾਇਦਾ ਧੂਪ-ਬੱਤੀ ਕਰਦੇ ਰਹਿਣ ।

ਬਾਬਾ ਜੀ ਨੇ ਮਾਤਾ ਜੀ ਦਾ ਇਹ ਹੁਕਮ ਸਤਿ ਬਚਨ ਕਹਿਕੇ ਮੰਨਿਆ ਜਿਸ ਕਰਕੇ ਉਹ ਉਸ ਸਮੇਂ ਤੋਂ ਰੋਜ਼ ਸਵੇਰੇ ਗੁਰਦਵਾਰਾ ਭਾਈ ਜੋਗਾ ਸਿੰਘ ਵਿਖੇ ਬੜੇ ਸ਼ਰਧਾ-ਭਾਵ ਨਾਲ ਜਾਂਦੇ ਤੇ ਉਥੇ ਹਰ ਪ੍ਰਕਾਰ ਦੀ ਸੇਵਾ ਬੜੇ ਪ੍ਰੇਮ ਨਾਲ ਕਰਦੇ ਰਹੇ । ਫੇਰ ਇਸ ਸੇਵਾ ਦਾ ਭਰੋਸਾ ਮਿਲਣ ਤੇ ਮਾਤਾ ਲੜਿੱਕੀ ਜੀ ਛੇਤੀ ਹੀ ਅਕਾਲ ਚਲਾਣਾ ਕਰਕੇ ਹਮੇਸ਼ਾਂ ਲਈ ਗੁਰ ਚਰਨਾਂ ਵਿਚ ਜਾ ਬਿਰਾਜੇ । [redacted] ਇਸੇ ਤਰ੍ਹਾਂ ਪੂਜ ਪਿਤਾ ਭਾਈ ਰਾਮ ਸਹਾਇ ਜੀ, ਆਪ ਜਦ ਬਾਲਕ ਹੀ ਸਨ, ਸਦੀਵੀਂ ਵਿਛੋੜਾ ਦੇ ਗਏ । ਦਿਆਲ ਜੀ ਦੀ ਮਾਤਾ ਮਹਾਨ ਸਨ, ਜਿਨ੍ਹਾਂ ਦੀ ਦਿਤੀ ਸਿਖਿਆ ਤੇ ਆਪ ਮਹਾਨ ਬਣੇ ।

ਬਗੀਚੇ ਦੇ ਫੁਲ ਤੇ ਬਾਬਾ ਜੀ ਦੀ ਈਮਾਨਦਾਰੀ–

ਬਾਬਾ ਦਿਆਲ ਜੀ ਰੋਜ਼ ਸਵੇਰੇ, ਜਿਵੇਂ ਕਿ ਮਾਤਾ ਲੜਿੱਕੀ ਜੀ ਦਾ ਹੁਕਮ ਸੀ, ਇਕ ਬਾਗ ਦੇ ਮਾਲੀ ਕੋਲੋਂ ਤਾਜ਼ੇ ਫੁਲ ਖਰੀਦਦੇ ਤੇ ਉਹ ਬੜੇ ਸ਼ਰਧਾ ਭਾਵ ਨਾਲ ਗੁਰਦਵਾਰਾ ਭਾਈ ਜੋਗਾ ਸਿੰਘ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਭੇਟਾ ਚਾੜ੍ਹਦੇ ਸਨ । ਇਹ ਉਨ੍ਹਾਂ ਦੀ ਨਿਤਕਰਮ ਸੀ । ਇਕ ਦਿਨ ਇਸ ਸਬੰਧ ਵਿਚ ਦੇਵਨੇਤ ਅਜਿਹੀ ਹੋਈ ਕਿ ਉਹ ਕੁਝ ਤਾਂ ਵਡੇ ਸਵੇਰਿਓਂ ਉਠਕੇ ਉਸ ਬਾਗ ਵਿਚ ਗਏ ਜਦ ਕਿ ਮਾਲੀ ਅਜੇ ਆਇਆ ਨਹੀਂ ਸੀ । ਇਸ ਲਈ ਬਾਬਾ ਜੀ ਨੇ ਆਪਣੇ ਆਪ ਹੀ ਲੋੜੀਂਦੇ ਫੁਲ ਉਸ ਬਗੀਚੇ ਵਿਚੋਂ ਲਏ ਤੇ ਉਨ੍ਹਾਂ ਦੀ ਕੀਮਤ ਬੜੀ ਈਮਾਨਦਾਰੀ ਨਾਲ ਇਕ ਬੂਟੇ ਥਲੇ ਜਿਥੋਂ ਕਿ ਉਹ ਫੁਲ ਤੋੜੇ ਸਨ, ਬੜੇ ਸੁਹਜ ਸਵਾਦ ਨਾਲ ਰਖ ਆਏ । ਜਦ ਉਹ ਉਸ ਬਾਗ ਵਿਚੋਂ ਹੋਕੇ ਗੁਰਦੁਆਰੇ ਪਹੁੰਚੇ ਤਾਂ ਅਗੇ ਗੁਰਦਵਾਰੇ ਦੇ ਬੂਹੇ ਬੰਦ ਸਨ । ਜਦ ਬਾਬਾ ਜੀ ਨੇ ਬੂਹਾ ਖੁਲ੍ਹਾਇਆ ਤਾਂ ਉਥੋਂ ਦਾ ਗ੍ਰੰਥੀ ਇਹ ਕਹਿਕੇ ਬਿਸਤਰੇ ਉਤੇ ਲੇਟ ਗਿਆ–

"ਸਿਖਾ ! ਅਜੇ ਤਾਂ ਬਹੁਤੀ ਸਵੇਰ ਹੈ ।"



Digitized by Panjab Digital Library | www.panjabdigilib.org

ਪਰ ਬਾਬਾ ਜੀ ਇਹ ਸੁਣਕੇ ਉਥੋਂ ਵਾਪਸ ਨਾ ਮੁੜੇ ਸਗੋਂ ਉਥੇ ਹੀ ਬੜੇ ਪ੍ਰੇਮ ਨਾਲ ਗੁਰਬਾਣੀ ਦਾ ਪਾਠ ਕਰਨ ਲਗ ਪਏ। ਜਦ ਨਿਤਨੇਮ ਕਰਕੇ ਆਸਾ ਦੀ ਵਾਰ ਦਾ ਭੋਗ ਪਾਇਆ ਤੇ ਗੁਰਦਵਾਰੇ ਦੇ ਬੂਹੇ ਖੁਲੇ ਤਾਂ ਆਕਾਸ਼ਵਾਣੀ ਹੋਈ—

"ਪ੍ਰੇਮੀ ਸਿਖਾ ! ਤੇਰੀ ਸੇਵਾ ਪ੍ਰਵਾਨ ਹੈ, ਪਰ ਹੁਣ ਤੂੰ ਇਸ ਗੁਰ-ਦਵਾਰੇ ਦੀ ਸੇਵਾ ਕਰਨੀ ਛੱਡ ਤੇ ਅੱਜ ਤੋਂ ਬਾਹਰਵਾਰ ਦੂਰ ਨੇੜੇ ਫਿਰ ਤੁਰਕੇ ਨਾਮ ਬਾਣੀ ਦਾ ਪ੍ਰਚਾਰ ਗੁਰੁ-ਸੰਗਤ ਵਿਚ ਕਰਿਆ ਕਰ, ਵਹਿਮਾਂ ਭਰਮਾਂ ਤੋਂ ਸਭ ਨੂੰ ਨਿਜਾਤ ਦੁਆ। ਬਸ ਇਹੋ ਤੇਰਾ ਕਰਤਵ ਹੈ। ਗੁਰੂ ਨਾਨਕ ਨਿਰੰ-ਕਾਰੀ ਦੀ ਜਿਤਨੀ ਸੰਗਤ ਹੈ ਉਹ ਤੇਰਾ ਰਾਹ ਤਕ ਰਹੀ ਹੈ।"

ਬਸ ਫੇਰ ਇਤਨੇ ਬਚਨ ਸੁਣਕੇ ਹੀ ਬਾਬਾ ਜੀ ਨੇ ਉਸੇ ਦਿਨ ਤੋਂ ਹੀ ਸਿਖ ਸੰਗਤ ਦੂਰ ਨੇੜੇ ਹਰ ਥਾਵੇਂ ਗੁਰੂ ਨਾਨਕ ਨਿਰੰਕਾਰੀ ਦੇ ਰੱਬੀ ਮਿਸ਼ਨ ਦਾ ਹੋਕਾ ਦੇਣਾ ਸ਼ੁਰੂ ਕਰ ਦਿਤਾ। ਇਹੋ ਨਿਰੰਕਾਰੀ ਲਹਿਰ ਦਾ ਪ੍ਰਾਰੰਭ ਕਾਲ ਸੀ।

ਉਧਰ ਸਵੇਰੇ ਹੀ ਸਮੇਂ ਸਿਰ ਜਦ ਮਾਲੀ ਉਸ ਬਾਗ ਵਿਚ ਪੁਜਾ ਤਾਂ ਬਾਬਾ ਦਿਆਲ ਜੀ ਨੂੰ ਉਡੀਕਣ ਲਗਾ ਪਰ ਫ਼ੇਰ ਦਿਨ ਚੜ੍ਹੇ ਜਦ ਬਾਬਾ ਦਿਆਲ ਜੀ ਉਸਨੂੰ ਮਿਲੇ ਤਾਂ ਉਪ੍ਰੋਕਤ ਪੈਸੇ ਰਖਣ ਦਾ ਰਹੱਸ ਉਸਦੀ ਸਮਝ ਵਿਚ ਆਇਆ, ਜਿਸ ਕਾਰਨ ਮਾਲੀ ਨੇ ਬਾਬਾ ਜੀ ਨੂੰ ਇਕ ਬਹੁਤ ਵਡੇ ਈਮਾਨਦਾਰ ਸਮਝਕੇ ਉਨ੍ਹਾਂ ਅਗੇ ਬੜੇ ਅਦਬ ਨਾਲ ਸਿਰ ਝੁਕਾਇਆ।

ਬਾਬਾ ਜੀ ਦੀ ਇਸ ਈਮਾਨਦਾਰੀ ਦੀ ਚਰਚਾ ਜਦ ਹਰ ਥਾਵੇਂ ਨਗਰ ਪਿਸ਼ਾਵਰ ਵਿਚ ਫੈਲੀ ਤਾਂ ਸਾਰੇ ਹੀ ਸਚਾਈ ਪਸੰਦ ਲੋਕ ਉਨ੍ਹਾਂ ਦੀ ਇਸ ਨੇਕੀ ਬਦਲੇ ਬੜੀ ਪ੍ਰਸੰਸਾ ਕਰਨ ਲੱਗ ਪਏ, ਉਹ ਮਾਲੀ ਪਠਾਣ ਸੀ, ਜੋ ਉਸੇ ਦਿਨ ਤੋਂ ਬਾਬਾ ਜੀ ਦਾ ਮੁਰੀਦ ਬਣਕੇ ਨਿਰੰਕਾਰੀ ਅਖਵਾਇਆ ਤੇ ਉਨ੍ਹਾਂ ਦੀ ਚਰਨ-ਛੋਹ ਪ੍ਰਾਪਤ ਕਰਕੇ ਆਪਣੇ ਆਪਨੂੰ ਵਡੇ ਭਾਗਾਂ ਵਾਲਾ ਸਮਝਣ ਲੱਗ ਪਿਆ। ਬਾਬਾ ਜੀ ਦਾ ਇਹ ਪਹਿਲਾ ਮੁਸਲਮਾਨ ਨਿਰੰਕਾਰੀ ਸੀ।

## ਸਬੰਧੀਆਂ ਨਾਲੋਂ ਤੋੜ ਵਿਛੋੜੀ—

ਇਸ ਤਰ੍ਹਾਂ ਕ੍ਰਮਵਾਰ ਪਿਤਾ-ਮਾਤਾ ਦਾ ਸਦੀਵੀਂ ਵਿਛੋੜਾ ਹੋਣ ਤੇ ਬਾਬਾ ਦਿਆਲ ਜੀ, ਜੋ ਅਜੇ ਬਾਲਕ ਅਵਸਥਾ ਵਿਚੋਂ ਨਿਕਲੇ ਹੀ ਸਨ,



Digitized by Panjab Digital Library | www.panjabdigilib.org

ਹੋਰ ਕੋਈ ਭੈਣ-ਭਰਾ ਨਾ ਹੋਣ ਕਰਕੇ ਆਪਣੇ ਇਕਲੇਪਣ ਕਾਰਨ ਕਈ ਪ੍ਰਕਾਰ ਦੀਆਂ ਦੁਨਿਆਵੀ ਮੁਸੀਬਤਾਂ ਵਿਚ ਘਿਰ ਗਏ ਤੇ ਸਾਕ ਸੰਬੰਧੀ ਵੀ ਉਨ੍ਹਾਂ ਨਾਲੋਂ ਇਸ ਕਰਕੇ ਕਿ ਉਹ ਹਮੇਸ਼ਾਂ ਦੁਕਾਨਦਾਰੀ ਦੇ ਕਾਰੋਬਾਰ ਵਲੋਂ ਬੇ-ਪ੍ਰਵਾਹ ਹੋਣ ਤੇ ਭਜਨ ਬੰਦਗੀ ਵਿਚ ਹੀ ਜੁਟੇ ਰਹਿੰਦੇ ਸਨ, ਧੀਰੇ ਧੀਰੇ ਜੁਦਾ ਹੋਣ ਲਗ ਪਏ।

ਉਨ੍ਹਾਂ ਸਬੰਧੀਆਂ ਵਿਚੋਂ ਕਈਆਂ ਨੇ ਬਾਬਾ ਦਿਆਲ ਜੀ ਨੂੰ ਸਮਝਾਣ ਦਾ ਜਤਨ ਵੀ ਕੀਤਾ ਕਿ ਪਿਤਾ ਭਾਈ ਰਾਮ ਸਹਾਇ ਨੇ ਬਹੁਤ ਲੋਕਾਂ ਪਾਸੋਂ ਕਰਜ਼ਾ ਲੈਣਾ ਹੈ ਤੇ ਕਈਆਂ ਦਾ ਕੁਝ ਲੇਖਾ ਦੇਣ ਵੀ ਹੈ, ਇਸ ਲਈ ਤੁਸੀਂ ਉਨ੍ਹਾਂ ਦਾ ਲੈਣ-ਦੇਣ ਭੁਗਤਾਓ, ਪਰ ਬਾਬਾ ਜੀ ਇਹ ਕਹਿਕੇ ਕਿ ਕਿਸੇ ਦਿਨ ਇਹ ਲੇਖੇ ਇਕਠੇ ਹੀ ਭੁਗਤਾਵਾਂਗੇ। ਸਭ ਨੂੰ ਟਾਲਦੇ ਤੇ ਨਿਰੰਕਾਰ ਦੀ ਭਗਤੀ ਦਾ ਉਪਦੇਸ਼ ਦੇਕੇ ਤੋਰਦੇ ਰਹੇ। ਛੇਕੜ ਇਹ ਟਾਲ-ਮਟੋਲ ਕਦੋਂ ਤਕ ਹੁੰਦੀ, ਇਕ ਦਿਨ ਹਰੇਕ ਵਿਅਕਤੀ ਦੇ ਲੇਖੇ-ਜੋਖੇ ਦਾ ਵਕਤ ਵੀ ਆਗਿਆ। ਜਿਸ ਕਰਕੇ ਜਦ ਬਹੁਤੇ ਲੈਣ-ਦੇਣ ਵਾਲੇ ਇਕਠੇ ਹੋਏ ਤਾਂ ਬਾਬਾ ਜੀ ਉਨ੍ਹਾਂ ਸਾਰਿਆਂ ਦਾਵਹੀ ਹਿਸਾਬ ਕੱਢਕੇ ਇਕ ਵਗਦੇ ਨਾਲੇ ਦੇ ਕੰਢੇ ਪਹੁੰਚੇ। ਆਪਨੇ ਜਿਨ੍ਹਾਂ ਸੱਜਣਾਂ ਦਾ ਕੁਝ ਦੇਣਾ ਸੀ, ਉਨ੍ਹਾਂ ਦੀਆਂ ਰਕਮਾਂ ਤਾਂ ਬੜੇ ਠਰ੍ਹਮੇਂ ਨਾਲ ਇਕ ਇਕ ਕਰਕੇ ਅਦਾ ਕਰਦੇ ਰਹੇ ਤੇ ਜਿਨ੍ਹਾਂ ਤੋਂ ਬਹੁਤ ਕੁਝ ਲੈਣਾ ਸੀ, ਉਨ੍ਹਾਂ ਦੇ ਲੇਖੇ ਦੇ ਪਤਰੇ ਵਹੀ ਨਾਲੋਂ ਪਾੜਕੇ ਉਸ ਤੇਜ਼ ਵਹਿੰਦੇ ਨਾਲੇ ਵਿਚ ਸੁਟਦੇ ਰਹੇ ਤੇ ਕਹਿੰਦੇ ਰਹੇ–

"ਬਸ ਭਾਈ! ਹੁਣ ਅਸਾਂ ਤੁਹਾਡੇ ਪਾਸੋਂ ਕੁਝ ਨਹੀਂ ਲੈਣਾ, ਤੁਹਾਡਾ ਲੇਖਾ-ਜੋਖਾ ਅਜ ਤੋਂ ਪੂਰੀ ਤਰ੍ਹਾਂ ਖਤਮ ਹੋਇਆ ਸਮਝੋ, ਇਸ ਲਈ ਤੁਸੀਂ ਰੋਜ਼ ਗੁਰਦਵਾਰੇ ਜਾਕੇ 'ਧੰਨ ਨਿਰੰਕਾਰ' ਕਹਿਕੇ ਪ੍ਰਮੇਸ਼ਰ ਦਾ ਨਾਮ ਜਪੋ ਤਾਂਕਿ ਤੁਹਾਡਾ ਅੱਗਾ ਸੌਰੇ ਤੇ ਤੁਹਾਨੂੰ ਅਗਲੀ ਦਰਗਾਹ ਵਿਚ ਧਰਮਰਾਜ ਅਗੇ ਜਾਕੇ ਵੀ ਕੁਝ ਦੇਣਾ ਨਾ ਪਵੇ।"

ਬਾਬਾ ਦਿਆਲ ਜੀ ਦੀ ਇਹ ਉਦਾਰਤਾ ਦੇਖਕੇ ਸਾਰੇ ਲੋਕੀ ਹਕੇ ਬਕੇ ਰਹਿ ਗਏ ਤੇ ਉਥੋਂ ਉਹ ਵਾਪਸ ਘਰੋ ਘਰੀਂ ਚਲੇ ਤਾਂ ਗਏ ਪਰ ਫੇਰ ਵੀ ਇਹ ਚਿਤਾਰਕੇ ਕਿ ਉਨ੍ਹਾਂ ਨੇ ਬਾਬਾ ਜੀ ਦਾ ਬਹੁਤ ਕੁਝ ਦੇਣਾ ਹੈ। ਇਸ ਲਈ ਕਈ ਵੇਰ ਘਰ ਪਹੁੰਚਕੇ ਮਲੋ ਜੋਰੀ ਆਪਣਾ ਕਰਜ਼ਾ ਬੜੇ ਸ਼ਰਧਾ ਭਾਵ ਨਾਲ ਉਤਾਰਦੇ ਰਹੇ ਬਾਬਾ ਜੀ ਦੀ ਇਸ ਖੁਲ੍ਹ ਦਿਲੀ ਕਾਰਨ ਉਨ੍ਹਾਂ ਦੀ ਸੋਭਾ ਹੋਰ ਵੀ ਵਧੀ ਤੇ ਉਹ ਉਸੇ ਸਮੇਂ ਤੋਂ ਰੂਹਾਨੀ ਰਹਿਬਰ ਮੰਨੇ ਜਾਣ ਲਗ ਪਏ।



Digitized by Panjab Digital Library | www.panjabdigilib.org

ਦੇਵੀ ਪੂਜਾ ਦਾ ਖੰਡਨ–

ਬਾਬਾ ਦਿਆਲ ਜੀ ਨਿਤਨੇਮ ਨਾਲ ਗੁਰਦਵਾਰੇ ਜਾਂਦੇ ਤੇ ਗੁਰਬਾਣੀ ਦਾ ਪਾਠ ਕਰਦੇ ਹੋਏ ਇਹ ਕਹਿਕੇ–

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਂਗਉ ਕਿਆ ਦੇਹਿ ॥
ਪਾਹੁਣ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥
(ਸੋਰਠਿ ਮਹਲਾ ੧ ਘਰੁ ੧)

ਉਪਦੇਸ਼ ਦਿੰਦੇ ਸਨ ਕਿ ਦੇਵੀ-ਦੇਵਤਿਆਂ ਦੀ ਪੂਜਾ ਕਰਨੀ ਵਿਅਰਥ ਹੈ। ਇਸ ਲਈ ਬੁਤ ਪ੍ਰਸਤੀ ਨਾ ਕਰੋ ਤੇ 'ਧੰਨ ਨਿਰੰਕਾਰ' ਕਹਿਕੇ ਇਕੋ ਇਕ ਨਿਰੰਕਾਰ (ਅਕਾਲ ਪੁਰਖ ਵਾਹਿਗੁਰੂ) ਦਾ ਸਿਮਰਨ ਕਰੋ। ਇਸੇ ਵਿਚ ਤੁਹਾਡੇ ਜੀਵਨ ਦੀ ਸਫਲਤਾ ਹੈ। ਬਾਬਾ ਜੀ ਦੇ ਇਹ ਖਰੇ ਖਰੇ ਉਪਦੇਸ਼ ਸੁਣਕੇ ਬਹੁਤੇ ਦੇਵੀ-ਦੇਵਤਿਆਂ ਦੇ ਪੁਜਾਰੀ, ਜਿਨ੍ਹਾਂ ਵਿਚ ਬ੍ਰਾਹਮਣਵਾਦ ਦੇ ਪ੍ਰਭਾਵ ਹੇਠ ਆਏ। ਬਹੁਤੇ ਸਹਿਜਧਾਰੀ ਸਿਖ ਸ਼ਾਮਲ ਸਨ, ਹਮੇਸ਼ਾਂ ਸ਼ਿਵਾਲਯਾਂ ਤੇ ਦੇਵਾਲਯਾਂ ਵਿਚ ਜਾਕੇ ਪੱਥਰ ਦੀਆਂ ਮੂਰਤੀਆਂ ਅਗੇ ਨੱਕ ਰਗੜਦੇ ਹੀ ਰਹਿੰਦੇ ਸਨ, ਬਾਬਾ ਜੀ ਦੇ ਇਸ ਕਥਨ ਤੋਂ ਬਹੁਤੇ ਖਿਝੇ ਤੇ ਇਕ ਦਿਨ ਇਕ ਝੱਲੀ ਬੱਚੀ ਨੇ ਝੱਲ ਖਿਲਾਰਕੇ ਇਹ ਕਹਿਣ ਤੇ ਇਸ ਵਿਚ ਦੇਵੀ ਪ੍ਰਗਟ ਹੋਈ ਹੈ, ਜਿਸ ਕਰਕੇ ਇਹ ਆਪ ਮੁਹਾਰੀ ਕੋਠੇ ਦੇ ਇਕ ਕਮਰੇ ਵਿਚ ਝੂਲ ਰਹੀ ਹੈ,ਬਾਬਾ ਜੀ ਨੂੰ ਉਸਦੇ ਪਾਸ ਲੈ ਜਾਣ ਦੀ ਪ੍ਰੇਰਨਾ ਕੀਤੀ। ਬਾਬਾ ਜੀ ਇਕ ਅਧ-ਪਉੜੀ ਹੀ ਚੜੇ ਸਨ ਕਿ ਆਪ ਬੇਹੋਸ਼ ਹੋਕੇ ਡਿਗ ਪਏ, ਜਦੋਂ ਹੋਸ਼ ਪਰਤੀ ਤਾਂ ਬਾਬਾ ਜੀ ਨੇ ਫ਼ੌਰਨ ਉਥੇ ਜਾਕੇ ਉਸ ਬੁਢੀ ਦਾ ਪਾਗਲਪਨ ਜ਼ਾਹਿਰ ਕਰਦਿਆਂ ਹੋਇਆਂ ਦੇਵੀ-ਪੂਜਾ ਦਾ ਏਨਾ ਪੁਰਜ਼ੋਰ ਖੰਡਨ ਕੀਤਾ ਕਿ ਬਾਬਾ ਜੀ ਦੇ ਸਚਾਈ ਭਰੇ ਉਪਦੇਸ਼ਾਂ ਦੇ ਮੁਕਾਬਲੇ ਤੇ ਉਨ੍ਹਾਂ ਬੁਤ-ਪ੍ਰਸਤਾਂ ਨੂੰ ਕੋਈ ਜਵਾਬ ਨਾ ਫੁਰਿਆ, ਜਿਸ ਕਾਰਨ ਸਭ ਛਿਥੇ ਪੈ ਗਏ ਤੇ ਉਥੇ 'ਧੰਨ ਨਿਰੰਕਾਰ ! ਧੰਨ ਨਿਰੰਕਾਰ !' ਦਾ ਹੀ ਬੋਲ ਬਾਲਾ ਹੋਣ ਤੇ ਬਾਬਾ ਜੀ ਦੀ ਜਿੱਤ ਹੋਈ।

ਉਸ ਸਮੇਂ ਦੀ ਆਮ ਮਨੌਤ ਹੈ ਕਿ ਬਾਬਾ ਜੀ ਨੂੰ ਅਰਸ਼ੋਂ ਆਕਾਸ਼ਵਾਣੀ ਵੀ ਹੋਈ–

ਪੁਰਖਾ ! ਤੇਰਾ ਮਿਸ਼ਨ ਠੀਕ ਹੈ, ਇਸ ਲਈ ਸਚਾਈ ਉਤੇ ਡਟਿਆ ਰਹੁ ਤੇ ਸਤ ਧਰਮ ਦਾ ਪ੍ਰਚਾਰ ਕਰਦਾ ਹੋਇਆ ਅਗੇ ਵਧਿਆ ਚਲ, ਤੇਰੀ ਹਰ ਮੈਦਾਨ ਫ਼ਤਹਿ ਹੀ ਫਤਹਿ ਹੈ।



Digitized by Panjab Digital Library | www.panjabdigilib.org

੨

# ਪਿਸ਼ਾਵਰੋਂ ਰਾਵਲਪਿੰਡੀ

## ਮੁਖ ਸ਼ਬਦ–

ਸੰਨ 1802 ਈ: ਵਿਚ ਬਾਬਾ ਦਿਆਲ ਜੀ ਦੇ ਮਾਮਾ ਮਿਲਖਾ ਸਿੰਘ ਜੀ ਚੂੰਕਿ ਰਾਵਲਪਿੰਡੀ ਆ ਪੁਜੇ ਸਨ, ਇਸ ਲਈ ਬਾਬੇ ਹੋਰੀਂ ਵੀ ਉਨ੍ਹਾਂ ਦੇ ਨਾਲ ਹੀ ਰਾਵਲਪਿੰਡੀ ਪਹੁੰਚ ਗਏ ਤੇ ਉਥੇ ਉਨ੍ਹਾਂ ਨੇ ਪਨਸਾਰੀ ਦੀ ਦੁਕਾਨ ਪਾ ਲਈ । ਬਾਰਾਂਦਰੀ ਨਾਮ ਦਾ ਗੁਰਦਵਾਰਾ ਰਾਵਲਪਿੰਡੀ ਦਾ ਕੇਂਦਰੀ ਅਸਥਾਨ ਸੀ । ਜਿਥੇ ਬਾਬਾ ਦਿਆਲ ਜੀ ਰੋਜ਼ ਜਾਂਦੇ ਤੇ ਨਾਮ ਬਾਣੀ ਦਾ ਪ੍ਰਚਾਰ ਕਰਦੇ ਸਨ ।

ਬਾਬਾ ਦਿਆਲ ਜੀ ਚੂੰਕਿ ਇਕ ਸਰਦੇ ਪੁਜਦੇ ਬ੍ਰਹਮ ਗਿਆਨੀ ਸਨ, ਇਸ ਲਈ ਉਨ੍ਹਾਂ ਦੇ ਪ੍ਰਚਾਰ ਦਾ ਸਰੋਤਿਆਂ ਦੇ ਦਿਲਾਂ ਉਤੇ ਬੜਾ ਡੂੰਘਾ ਪ੍ਰਭਾਵ ਪੈਂਦਾ ਸੀ । ਉਨ੍ਹਾਂ ਦੀ ਖਿੱਚ ਕਾਰਨ ਸਿਖਾਂ ਦੇ ਕਈ ਹੋਰ ਪ੍ਰਵਾਰ ਵੀ ਰਾਵਲਪਿੰਡੀ ਹੀ ਆਕੇ ਵਸ ਗਏ, ਜਿਸ ਕਰਕੇ ਸਤਿਸੰਗ ਦੀ ਇਕ ਚੰਗੀ ਚਹਿਲ ਪਹਿਲ ਹੋ ਗਈ ਤੇ ਬਾਬਾ ਜੀ ਦੀ ਸਰਪ੍ਰਸਤੀ ਹੇਠ ਪਿਸ਼ਾਵਰ ਤੋਂ ਆਈ ਸੰਗਤ ਨੇ ਗੁਰਦਵਾਰਾ ਕਾਇਮ ਕੀਤਾ । ਜਿਸਦਾ ਨਾਂ ਗੁਰਦਵਾਰਾ ਪਸ਼ੌਰੀਆਂ ਪੈ ਗਿਆ ।

## ਵਿਆਹ ਤੇ ਸ਼ੰਤਾਨ–

ਨਗਰ ਭੇਰਾ ਉਸ ਸਮੇਂ ਇਕ ਵਿਸ਼ੇਸ਼ ਮੰਡੀ ਸੀ । ਬਾਬਾ ਦਿਆਲ ਜੀ ਵੀ ਬਹੁਤਾ ਸੌਦਾ ਪੱਤਾ ਉਥੋਂ ਹੀ ਲਿਆਉਣ ਲਗ ਪਏ, ਕਿਉਂਕਿ ਰਾਵਲ-ਪਿੰਡੀ ਵਿਚ ਮਹਿੰਗਾ ਵਧੇਰੇ ਸੀ । ਭਾਈ ਬੁਧੂ ਸ਼ਾਹ ਨਾਮੀ ਸੇਵਾ ਪੰਥੀ ਸੰਤ ਉਸ ਸਮੇਂ ਭੇਰੇ ਰਹਿੰਦਾ ਸੀ । ਉਸ ਸੰਤ ਦਾ ਸੁਭਾਉ ਬੜਾ ਮਿਲਾਪੜਾ ਤੇ ਨਿਘਾ ਸੀ । ਇਸ ਲਈ ਜਦੋਂ ਬਾਬਾ ਦਿਆਲ ਜੀ ਭੇਰੇ ਜਾਂਦੇ ਤਾਂ ਉਸਦੇ ਪਾਸ



Digitized by Panjab Digital Library | www.panjabdigilib.org

ਹੀ ਠਹਿਰਦੇ ਸਨ। ਡੇਰੇ ਦੇ ਲੋਕੀਂ ਵੀ ਉਸ ਸੰਤ ਨਾਲ ਬੜੀ ਦਿਲੀ ਅਕੀਦਤ ਰਖਦੇ ਸਨ।

ਸੰਨ 1808 ਈ: ਵਿਚ ਜਦ ਅਜੇ ਬਾਬਾ ਜੀ ਨੂੰ ਰਾਵਲਪਿੰਡੀ ਗਿਆਂ ਮਸਾਂ ਪੰਜ ਛੇ ਸਾਲ ਹੀ ਹੋਏ ਸਨ ਤਾਂ ਇਕ ਦਿਨ ਜਦੋਂ ਉਹ ਭੇਰੇ ਗਏ, ਸੰਤਾਂ ਪਾਸ ਹੀ ਠਹਿਰੇ ਤਾਂ ਭਾਈ ਚਰਨ ਦਾਸ ਜੀ ਆਪਣੀ ਸੁਪਤਨੀ ਬਿਸ਼ਨ ਦੇਈ ਸਮੇਤ ਦਰਸ਼ਨਾਂ ਲਈ ਆਏ, ਬਾਬਾ ਦਿਆਲ ਜੀ ਦੇ ਅੰਮ੍ਰਿਤ-ਵਚਨ ਸੁਣਕੇ ਬੜੇ ਪ੍ਰਭਾਵਿਤ ਹੋਏ ਤੇ ਆਪਣੀ ਧੀ ਮੂਲ ਦੇਈ ਦਾ ਸਾਕ ਉਨ੍ਹਾਂ ਨੂੰ ਦੇ ਦਿਤਾ। ਬਾਬਾ ਜੀ ਨੇ ਇਹ ਰਿਸ਼ਤਾ ਕਬੂਲ ਕਰ ਲਿਆ।

ਚੇਤਰ ਦਾ ਮਹੀਨਾ ਸੀ, ਬ੍ਰਾਹਮਣਿਕ ਮਤ ਅਨੁਸਾਰ ਇਸ ਮਹੀਨੇ ਵਿਵਾਹ ਨਹੀਂ ਸੀ ਹੋ ਸਕਦਾ। ਭਾਈ ਚਰਨ ਦਾਸ ਤੇ ਉਨ੍ਹਾਂ ਦੀ ਧਰਮ ਪਤਨੀ ਨੇ ਬਾਬਾ ਦਿਆਲ ਜੀ ਨੂੰ ਪ੍ਰੇਰਨਾ ਕੀਤੀ ਕਿ ਅਗਲੇ ਮਹੀਨੇ ਜਾਂ ਇਸਤੋਂ ਪਿਛੋਂ ਕਿਸੇ ਸਮੇਂ ਆਪਣੇ ਰਿਸ਼ਤੇਦਾਰਾਂ ਸਮੇਤ ਭੇਰੇ ਪੁਜਕੇ ਵਿਵਾਹ ਦੀ ਰਸਮ ਅਦਾ ਕਰ ਲੈਣ। ਬਾਬਾ ਜੀ ਨੇ ਮੁੜ ਆ ਸਕਣ ਲਈ ਆਪਣੀ ਮਜਬੂਰੀ ਦਸੀ ਤੇ ਇਹ ਵੀ ਆਖਿਆ ਕਿ ਉਨ੍ਹਾਂ ਦੇ ਰਿਸ਼ਤੇਦਾਰ ਉਨ੍ਹਾਂ ਦੇ ਧਰਮ ਪ੍ਰਚਾਰ ਕਰਨ ਕਾਰਨ ਵਿਰੁਧ ਹਨ। ਭਾਈ ਚਰਨ ਦਾਸ ਜੀ ਨੇ ਬ੍ਰਾਹਮਣਾਂ ਤੋਂ ਮਦਦ ਮੰਗੀ ਤਾਂ ਉਨ੍ਹਾਂ ਨੇ ਵੀ ਇਨਕਾਰ ਕਰ ਦਿਤਾ ਤੇ ਇਸ ਤਰ੍ਹਾਂ ਬਾਬਾ ਦਿਆਲਜੀ ਦੀ ਜੋ ਅੰਤ੍ਰੀਵ ਭਾਵਨਾ ਸੀ,ਉਹ ਪੂਰੀ ਹੋਗਈ। ਬਾਬਾ ਜੀ ਨੇ ਸ਼ਰਤ ਲਾ ਦਿਤੀ ਕਿ ਉਹ ਸਮਾਜਿਕ ਸੁਧਾਰ ਵਿਚ ਦਿਲੀ ਅਕੀਦਤ ਰਖਦੇ ਸਨ, ਇਸ ਲਈ ਲੋਕ-ਦਿਖਾਵੇ ਲਈ ਵਾਧੂ ਖਰਚ, ਬਰਾਤ ਲਿਜਾਣ, ਦਾਜ ਦਹੇਜ ਆਦਿ ਦਾ ਕੋਈ ਕੰਮ ਨਹੀਂ ਕਰਨਗੇ ਤੇ ਵਿਆਹ ਬਿਲਕੁਲ ਸਿਧੇ ਸਾਦੇ ਗੁਰਮੁਖੀ ਢੰਗ ਨਾਲ ਕਰਨਗੇ। ਬਾਬਾ ਜੀ ਦੀ ਇਹ ਸ਼ਰਤ ਚਰਨ ਦਾਸ ਹੁਰੀਂ ਮੰਨ ਗਏ ਤੇ ਉਨ੍ਹਾਂ ਨੇ ਆਪਣੀ ਸੁਪਤਨੀ ਬਿਸ਼ਨ ਦੇਈ ਨਾਲ ਸਲਾਹ ਕਰਕੇ ਦੂਜੇ ਦਿਨ ਹੀ ਆਪਣੀ ਧੀ ਮੂਲ ਦਈ ਦਾ ਵਿਆਹ ਸੰਤ ਬੁਧੂ ਸ਼ਾਹ ਦੇ ਡੇਰੇ ਵਿਚ ਉਨ੍ਹਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਅਰਦਾਸਾ ਸੁਧਵਾਕੇ ਬੜੇ ਸਿਧੇ ਸਾਦੇ ਢੰਗ ਨਾਲ ਬਿਨਾ ਕੁਝ ਖਰਚ ਕੀਤੇ ਹੀ ਕਰ ਦਿਤਾ ਤੇ ਇਸ ਖੁਸ਼ੀ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਉਸ ਸਮੇਂ ਦੇ ਸਾਰੇ ਸਿਖ ਜਗਤ ਵਿਚ ਇਹ ਪਹਿਲਾ ਗੁਰਮੁਖੀ ਵਿਵਾਹ ਸੀ।



Digitized by Panjab Digital Library | www.panjabdigilib.org

### ਬਾਬਾ ਜੀ ਦੀ ਸ਼ੁਭ ਸੰਤਾਨ–

ਬੀਬੀ ਮੂਲ ਦੇਈ ਦੀ ਕੁਖੋਂ 13 ਅਪ੍ਰੈਲ ਸੰਨ 1814 ਈ: ਨੂੰ ਉਨ੍ਹਾਂ ਦੇ ਪਹਿਲੇ ਗੱਦੀ ਨਸ਼ੀਨ ਬਾਬਾ ਦਰਬਾਰਾ ਸਿੰਘਜੀ ਦਾ ਜਨਮ ਹੋਇਆ। ਇਹ ਪਤਾ ਲਗਣ ਤੇ ਭਾਈ ਚਰਨ ਦਾਸ ਨੂੰ ਖੁਸ਼ੀ ਹੋਣੀ ਇਕ ਕੁਦਰਤੀ ਗੱਲ ਸੀ।

ਬਾਬਾ ਦਰਬਾਰਾ ਸਿੰਘ ਜੀ ਦੇ ਜਨਮ ਤੋਂ ਲਗਪਗ ਛੇ ਸਾਲ ਬਾਅਦ ਸੰਨ 1820 ਈ: ਵਿਚ ਬਾਬਾ ਦਿਆਲ ਜੀ ਦੇ ਘਰ ਦੂਜੇ ਬੇਟੇ ਬਾਬਾ ਭਾਗ ਮਲ ਜੀ ਪ੍ਰਗਟ ਹੋਏ ਤੇ ਫੇਰ ਦਸ ਸਾਲ ਬਾਅਦ 25 ਮਾਰਚ 1830 ਈ: ਨੂੰ ਮਾਤਾ ਮੂਲ ਦੇਈ ਦੀ ਕੁਖੋਂ ਸਾਹਿਬ ਬਾਬਾ ਰਤਨ ਚੰਦ ਉਰਫ ਰੱਤਾ ਜੀ ਦਾ ਜਨਮ ਹੋਇਆ। ਬਾਬਾ ਦਿਆਲ ਜੀ ਦਾ ਰਿਹਾਇਸ਼ੀ ਮਕਾਨ ਰਾਵਲ-ਪਿੰਡੀ ਵਿਚ ਉਸ ਸਮੇਂ ਗਲੀ ਗੰਗਾ ਰਾਮ ਵਿਚ ਸੀ ਤੇ ਉਥੇ ਹੀ ਇਨ੍ਹਾਂ ਤਿੰਨਾਂ ਬਚਿਆਂ ਦਾ ਜਨਮ ਹੋਇਆ।

### ਰਾਵਲਪਿੰਡੀ ਦਾ ਸਤਿਸੰਗ–

ਰਾਵਲਪਿੰਡੀ 'ਚ ਉਸ ਸਮੇਂ 3 ਪ੍ਰਸਿਧ ਗੁਰਦਵਾਰੇ ਸਨ। ਇਕ ਪਿਸ਼ੌਰੀਆਂ ਦਾ ਗੁਰਦਵਾਰਾ, ਦੂਜਾ ਭਾਈ ਰਾਮ ਸਿੰਘ ਦਾ ਗੁਰਦਵਾਰਾ ਤੇ ਤੀਜਾ ਗੁਰ: ਬਾਰਾਂਦਰੀ (ਪੰਚਾਇਤੀ) ਸੀ।

ਬਾਬਾ ਦਿਆਲ ਜੀ ਚੂੰਕਿ ਨਾਮ-ਬਾਣੀ ਦੇ ਆਧਾਰ ਤੇ ਸਤਿਸੰਗ ਦਾ ਪ੍ਰਵਾਹ ਬੜਾ ਚੰਗਾ ਚਲਾਉਂਦੇ ਤੇ ਇਕ ਅਕਾਲ ਪੁਰਖ ਪ੍ਰਮੇਸ਼ਰ ਦੀ ਉਪਾ-ਸ਼ਨਾ ਦੇ ਮੁਕਾਬਲੇ ਤੇ ਹੋਰ ਕਲਪਤ ਤੇ ਪੁਰਾਣਿਕ ਦੇਵੀ-ਦੇਵਤਿਆਂ ਅਤੇ ਪੀਰਾਂ ਫਕੀਰਾਂ ਦੀ ਮਾਨਤਾ ਦਾ ਪੁਰਜ਼ੋਰ ਲਫਜ਼ਾਂ ਵਿਚ ਖੰਡਨ ਕਰਦੇ ਸਨ, ਇਸ ਲਈ ਉਨ੍ਹਾਂ ਦੇ ਇਸ ਪ੍ਰਚਾਰ ਦਾ, ਜੋ ਕਿ ਸੋਲਾਂ ਆਨੇ ਗੁਰਮਤਿ ਦੇ ਅਨੁਸਾਰ ਸੀ, ਲੋਕ-ਦਿਲਾਂ ਉਤੇ ਬੜਾ ਅੱਛਾ ਤੇ ਡੂੰਘਾ ਅਸਰ ਹੋਇਆ, ਜਿਸ ਕਰਕੇ ਸਤਿਸੰਗੀਆਂ ਦੀ ਬਹੁ ਗਿਣਤੀ ਵਿਚ ਸੰਗਤ ਇਕਠੀ ਹੋਣ ਲਗ ਪਈ। ਬਾਬਾ ਜੀ ਦੇਵੀ-ਦੇਵਤਿਆਂ ਦੇ ਇਸ ਪਾਖੰਡ ਨੂੰ ਤੋੜਨ ਲਈ ਸਾਫ ਕਹਿਣ ਲਗ ਪਏ–

ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥

(ਗੋਂਡ ਨਾਮਦੇਵ ਜੀ)



Digitized by Panjab Digital Library | www.panjabdigilib.org

ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧੁ ਅਗਿਆਨਾ ॥
(ਭੈਰਉ ਮਹਲਾ ੪)

## ਮਾਇਆ-ਮੋਹ ਤੋਂ ਰਹਿਤ ਨਿਰ-ਅਭਿਮਾਨ ਸੇਵਾ–

ਬਾਬਾ ਦਿਆਲ ਜੀ ਦੇ ਜੀਵਨ ਵਿਚ ਏਥੇ ਇਹ ਖੂਬੀ ਖਾਸ ਵਰਨਣ ਯੋਗ ਹੈ ਕਿ ਉਨ੍ਹਾਂ ਦੇ ਸਤਿਸੰਗ ਵਿਚ ਗਰੀਬ ਤੇ ਅਮੀਰ ਅਨੇਕ ਪ੍ਰਕਾਰ ਦੇ ਲੋਕ ਆਉਂਦੇ ਸਨ। ਉਨ੍ਹਾਂ ਵਿਚੋਂ ਕਿਤਨੇ ਹੀ ਸ਼ੰਕਾਵਾਦੀ ਜਾਂ ਤਰਕਵਾਦੀ ਵੀ ਸਨ, ਇਸ ਲਈ ਬਾਬਾ ਜੀ ਦੇ ਇਹ ਬਚਨ ਸੁਣਕੇ ਕਿ ਗੁਰਮਤਿ ਪ੍ਰੇਮੀਆਂ ਨੂੰ ਮਾਇਆ ਤੋਂ ਰਹਿਤ ਹੋਕੇ ਨਿਰ-ਅਭਿਮਾਨ ਹੋਕੇ ਸਤਿਸੰਗ ਵਿਚ ਆਉਣਾ ਚਾਹੀਦਾ ਹੈ, ਇਸ ਲਈ ਉਨ੍ਹਾਂ ਨੇ ਬਾਬਾ ਦਿਆਲ ਜੀ ਦੀ ਪਰਖ ਕਰਨੀ ਚਾਹੀ। ਉਹ ਇਸ ਤਰ੍ਹਾਂ ਕਿ ਬਾਬਾ ਜੀ ਰੋਜ਼ ਸ਼ਾਮੀਂ ਦੁਕਾਨ ਤੋਂ ਉਠਕੇ ਜਦ ਘਰ ਜਾਂਦੇ ਸਨ ਤਾਂ ਵੱਟਕ ਦੇ ਰੁਪਇਆਂ-ਪੈਸਿਆਂ ਦੀ ਥੈਲੀ ਇਕ ਸੇਠ ਕੋਲ ਅਮਾਨਤ ਰਖ ਜਾਂਦੇ ਤੇ ਰੋਜ਼ ਸਵੇਰੇ ਹੀ ਉਹ ਥੈਲੀ ਉਸਤੋਂ ਵਾਪਸ ਲੈ ਜਾਂਦੇ ਸਨ। ਇਹ ਦੇਖ ਕੇ ਕੁਝ ਲੋਕਾਂ ਨੇ ਉਸ ਸੇਠ ਨੂੰ ਅਜਿਹਾ ਸਿਖਾਇਆ ਕਿ ਉਸਨੇ ਅਗਲੇ ਦਿਨ ਉਹ ਥੈਲੀ ਬਾਬਾ ਜੀ ਨੂੰ ਨਾਂ ਦਿਤੀ। ਅਗੋਂ ਬਾਬਾ ਜੀ ਨੇ ਇਸ ਗੁਸਤਾਖੀ ਤੇ ਬੁਰਾ ਨਾ ਮਨਾਇਆ ਤੇ ਉਸੇ ਤਰ੍ਹਾਂ ਸਤਿਨਾਮ ਦਾ ਜਾਪ ਕਰਦੇ ਹੋਏ ਦੁਕਾਨ ਉਤੇ ਜਾ ਬੈਠੇ। ਫੇਰ ਅਗਲੇ ਦਿਨ ਜਦ ਸੰਗਤ ਗੁਰਦਵਾਰੇ ਇਕੱਠੀ ਹੋਈ ਤਾਂ ਉਹ ਸਰਦਾਰ ਅਤੇ ਸ਼ਾਹੂਕਾਰ ਵੀ ਪਹੁੰਚੇ। ਪਰ ਉਹ ਇਹ ਖੂਬੀ ਦੇਖਕੇ ਹੈਰਾਨ ਹੋਏ ਕਿ ਬਾਬਾਜੀ ਦੇ ਚਿਹਰੇ ਉਤੇ ਰੁਪਿਆਂ-ਪੈਸਿਆਂ ਦੀ ਥੈਲੀ ਬਾਰੇ ਗੁਸਾ ਜਾਂ ਪਛਤਾਵੇ ਦਾ ਕੋਈ ਨਿਸ਼ਾਨ ਨਹੀਂ ਸੀ, ਸਗੋਂ ਉਸੇ ਤਰ੍ਹਾਂ ਪਹਿਲੇ ਵਾਂਗ ਹੀ ਬੜੇ ਸ਼ਾਂਤ ਸੁਭਾਉ ਤੇ ਪ੍ਰੇਮ ਭਾਵ ਨਾਲ ਨਾਮ-ਬਾਣੀ ਦਾ ਪ੍ਰਚਾਰ ਬੜੀ ਲਗਨ ਨਾਲ ਕਰ ਰਹੇ ਸਨ। ਉਨ੍ਹਾਂ ਸਰਦਾਰਾਂ ਸਮੇਤ ਸ਼ਾਹੂਕਾਰ ਨੇ ਇਹ ਦੇਖ ਦਿਲੋਂ ਦਿਲੀ ਅਫਸੋਸ ਮਨਾਇਆ। ਜਿਸ ਕਰਕੇ ਸਤਿਸੰਗ ਦੀ ਸਮਾਪਤੀ ਹੋਣ ਤੇ ਉਹ ਬ੍ਰਹਮ ਗਿਆਨੀ ਬਾਬਾ ਦਿਆਲ ਜੀ ਦੇ ਚਰਨਾਂ ਵਿਚ ਬੜੀ ਅਧੀਨਗੀ ਨਾਲ ਆ ਡਿਗੇ ਤੇ ਉਹ ਰੁਪਇਆਂ-ਪੈਸਿਆਂ ਦੀ ਥੈਲੀ ਪੇਸ਼ ਕਰਕੇ ਅਗੇ ਲਈ ਇਸ ਅਵਗਿਆ ਬਦਲੇ ਖਿਮਾਂ ਦੀ ਯਾਚਨਾ ਕੀਤੀ।

ਏਥੇ ਹੀ ਬਸ ਨਹੀਂ। ਇਕ ਦਿਨ ਇਕ ਵੇਸਵਾ ਬਾਬਾ ਜੀ ਦੀ ਦੁਕਾਨ ਉਤੇ ਸੌਦਾ ਲੈਣ ਆਈ। ਪਰ ਜਦ ਸੌਦਾ ਲੈ ਲਿਆ ਤਾਂ ਪੈਸੇ ਕੋਲ ਨਾ ਹੋਣ



Digitized by Panjab Digital Library | www.panjabdigilib.org

ਕਰਕੇ ਉਸਨੇ ਕਿਹਾ–

"ਬਾਬਾ ਜੀ ! ਤੁਸੀਂ ਆਪਣਾ ਸਪੁਤਰ ਬਾਬਾ ਦਰਬਾਰਾ ਸਿੰਘ ਨੂੰ ਮੇਰੇ ਨਾਲ ਭੇਜ ਦਿਓ ਤਾਂਕਿ ਉਹ ਮੇਰੇ ਘਰੋਂ ਜਾਕੇ ਪੈਸੇ ਲੈ ਆਵੇ।"

ਬਾਬਾ ਜੀ ਨੇ ਉਸਦੀ ਇਹ ਗੱਲ ਨਾ ਮੰਨੀ ਤੇ ਉਸ ਵੇਸਵਾ ਦੇ ਘਰ ਆਪਣਾ ਸਪੁਤਰ ਭੇਜਣ ਤੋਂ ਨਾਂਹ ਕਰ ਦਿਤੀ।

ਕੁਝ ਲੋਕਾਂ ਦੇ ਪੁਛਣ ਤੇ ਬਾਬਾ ਜੀ ਨੇ ਕਿਹਾ–

"ਸੌਦੇ ਦੇ ਬਾਕੀ ਪੈਸੇ ਵਸੂਲਣ ਲਈ ਮੈਂ ਆਪਣਾ ਸਪੁਤਰ ਕੰਜਰਾਂ ਦੇ ਘਰ ਨਹੀਂ ਭੇਜ ਸਕਦਾ ਤੇ ਜੇ ਮੈਂ ਹੀ ਅਜਿਹੀ ਗਲਤੀ ਕਰਾਂ ਤਾਂ ਲੋਕ ਮੈਨੂੰ ਐਵੇਂ ਟਕੇ ਦਾ ਲਾਲਚੀ ਤੇ ਆਦਰਸ਼ਵਾਦ ਤੋਂ ਡਿਗਿਆ ਹੋਇਆ ਸਮਝਕੇ ਮੇਰੇ ਮਿਸ਼ਨ ਦੀ ਨਿੰਦਾ ਕਰਨਗੇ।

## ਸੂਤਕ ਪਾਤਕ ਦਾ ਖੰਡਨ–

ਸਿਖਾਂ ਵਿਚ ਉਸ ਸਮੇਂ ਸੂਤਕ-ਪਾਤਕ ਦੀ ਵਹਿਮ ਪ੍ਰਸਤੀ ਬੜੀ ਜ਼ੋਰਾਂ ਤੇ ਸੀ। ਇਕ ਵੇਰ ਠਾਕਰ ਸੰਤ ਭਾਈ ਦੀਵਾਨ ਸਿੰਘ ਜੀ ਅਰੋੜੇ ਮੰਗਵਾਲ* ਵਾਲੇ ਜਿਨ੍ਹਾਂ ਦੀ ਉਸ ਸਮੇਂ ਰਾਵਲਪਿੰਡੀ ਵਿਚ ਬੜੀ ਸਿਖੀ ਸੇਵਕੀ ਸੀ, ਆਪਣੇ ਸਤਿਸੰਗ ਲਈ ਉਥੇ ਆਏ। ਉਨ੍ਹਾਂ ਨੇ ਇਕ ਦਿਨ ਭਾਈ ਕੌਰ ਸਿੰਘ ਤੇ ਸੂਬਾ ਸਿੰਘ ਹਲਵਾਈ ਦੇ ਘਰ, ਜੋ ਕਿ ਨਿਰੰਕਾਰੀ ਸਨ, ਪ੍ਰਸ਼ਾਦ ਛਕਣਾ ਪ੍ਰਵਾਨ ਕੀਤਾ। ਜਦ ਇੰਨ੍ਹਾਂ ਸਿੰਘਾਂ ਨੇ ਅਗਲੇ ਦਿਨ ਸਵੇਰੇ ਹੀ ਬੜੇ ਪ੍ਰੇਮ ਭਾਵ ਨਾਲ ਪ੍ਰਸ਼ਾਦ ਤਿਆਰ ਕੀਤਾ ਤੇ ਲੁਚੀਆਂ ਪੂਰੀਆਂ ਤਲੀਆਂ ਜਾਣ ਲਗੀਆਂ ਤਾਂ ਭਾਈ ਸੂਬਾ ਸਿੰਘ ਹਲਵਾਈ ਅਚਾਨਕ ਸਵਰਗਵਾਸ ਹੋ ਗਿਆ। ਇਹ ਦੇਖਕੇ ਭਾਈ ਕੌਰ ਸਿੰਘ ਨੂੰ ਬੜਾ ਫਿਕਰ ਲਗਾ ਤੇ ਉਹ ਬਾਬਾ ਦਿਆਲ ਜੀ ਨੂੰ ਜਾ ਮਿਲਿਆ ਤੇ ਸਾਰੀ ਵਿਥਿਆ ਸੁਣਾ ਦਿਤੀ। ਬਾਬਾ ਜੀ ਨੇ ਇਹ ਮੁਨਾਸਿਬ ਸਮਝਿਆ ਕਿ ਕੌਰ ਸਿੰਘ ਆਪ ਹੀ ਠਾਕਰ

---

*ਠਾਕਰ ਸੰਤ ਦੀਵਾਨ ਸਿੰਘ ਮੰਗਵਾਲ (1768-1852) ਤਹਿਸੀਲ ਚੱਕਵਾਲ ਜ਼ਿਲਾ ਜੇਹਲਮ ਵਿਚ ਨਿਵਾਸ ਰਖਦੇ ਸਨ। ਆਪਦੇ ਪਿਤਾ ਚੌਧਰੀ ਸੁਜਾਨ ਮਲ ਸਨ। ਆਪਦੇ ਉਪਦੇਸ਼ਟਾ ਗੁਰੂ ਠਾਕਰ ਮੱਲ ਸਿੰਘ ਸਨ।

(ਦੇਖੋ ਨਿਰਮਲ ਪੰਥ ਦਰਸ਼ਨ ਹਿੱਸਾ ਚੌਥਾ ਪੰਨਾ 132)



Digitized by Panjab Digital Library | www.panjabdigilib.org

ਦੀਵਾਨ ਸਿੰਘ ਨਾਲ ਗਲ ਖੋਲ੍ਹ ਲਵੇ। ਕੌਰ ਸਿੰਘ ਨੇ ਸੰਤ ਠਾਕਰ ਦੀਵਾਨ ਸਿੰਘ ਜੀ ਨੂੰ ਮਲਕੜੇ ਜਿਹੇ ਜਾ ਦਸਿਆ–

"ਮਹਾਰਾਜ, ਪ੍ਰਸ਼ਾਦ ਤਾਂ ਤਿਆਰ ਹੈ, ਪਰ ਸਵੇਰੇ ਬਿਸਤਰੇ ਵਿਚ ਹੀ ਭਾਈ ਸੂਬਾ ਸਿੰਘ ਸਵਰਗਵਾਸ ਹੋ ਗਿਆ ਹੈ। ਇਸ ਲਈ ਪਹਿਲਾਂ ਉਸਦਾ ਸਸਕਾਰ ਕਰੀਏ ਜਾਂ ਪ੍ਰਸ਼ਾਦ ਛਕਾਈਏ। ਜਿਵੇਂ ਆਪਦੀ ਆਗਿਆ ਹੈ।"

ਇਹ ਸ਼ੋਕ ਸਮਾਚਾਰ ਸੁਣਨਸਾਰ ਸੰਤ ਠਾਕਰ ਦੀਵਾਨ ਸਿੰਘ ਹੋਰਾਂ ਗੁਸੇ ਵਿਚ ਜਵਾਬ ਦਿਤਾ–

"ਹੁਣ ਭਾਈ, ਸੂਤਕ ਪਾਤਕ ਹੋ ਗਿਆ ਹੈ, ਇਸ ਲਈ ਹੁਣ ਅਸੀਂ ਤੁਹਾਡੇ ਘਰੋਂ ਪ੍ਰਸ਼ਾਦ ਨਹੀਂ ਛਕਣਾ।"

ਇਹ ਕੋਰਾ ਕਰਾਰਾ ਉਤਰ ਸੁਣਕੇ ਭਾਈ ਕੌਰ ਸਿੰਘ ਨਿਰਾਸ ਹੋਕੇ ਬਾਬਾ ਦਿਆਲ ਜੀ ਪਾਸ ਪੁਜਾ। ਅਗੋਂ ਮਿਹਰਾਂ ਦੇ ਸਾਈਂ ਬਾਬਾ ਦਿਆਲ ਜੀ ਨੇ ਬੜੇ ਠਰੰਮੇਂ ਨਾਲ ਕਿਹਾ–

"ਭਾਈ! ਇਹ ਪ੍ਰਸ਼ਾਦ ਤੁਸੀਂ ਗੁਰੂ ਕੀ ਸੰਗਤ ਲਈ ਤਿਆਰ ਕੀਤਾ ਹੈ, ਇਸ ਲਈ ਗੁਰਦਵਾਰਾ ਭਾਈ ਰਾਮ ਸਿੰਘ ਵਿਚ ਲੈ ਚਲੋ ਤੇ ਉਧਰ ਭਾਈ ਸੂਬਾ ਸਿੰਘ ਦਾ ਸਸਕਾਰ ਕਰ ਆਓ।"

ਬਾਬਾ ਜੀ ਦਾ ਇਹ ਉਤਰ ਸੁਣਕੇ ਭਾਈ ਕੌਰ ਸਿੰਘ ਉਸੇ ਵੇਲੇ ਭਾਈ ਸੂਬਾ ਸਿੰਘ ਦਾ ਸਸਕਾਰ ਕਰਨ ਚਲੇ ਗਏ ਤੇ ਜਦ ਗੁਰਦਵਾਰੇ ਵਾਪਸ ਆਏ ਤਾਂ ਉਹ ਪ੍ਰਸ਼ਾਦ ਜੋ ਗੁਰੂ ਕੇ ਲੰਗਰ ਵਜੋਂ ਸ਼ਰਧਾਭਾਵ ਨਾਲ ਤਿਆਰ ਕੀਤਾ ਸੀ, ਬਾਬਾ ਜੀ ਦੇ ਹੁਕਮ ਨਾਲ ਅਰਦਾਸਾ ਸੋਧਕੇ ਗੁਰੂ ਸੰਗਤ ਵਿਚ ਵਰਤਾਇਆ ਗਿਆ। ਪਰ ਫੇਰ ਵੀ ਕੁਝ ਸਿਖਾਂ ਨੇ ਪ੍ਰਸ਼ਾਦ ਨਾ ਛਕਿਆ ਤੇ ਉਠਕੇ ਚਲੇ ਗਏ।

ਬਾਬਾ ਦਿਆਲ ਜੀ ਦਾ ਇਹ ਵਰਤਾਉ ਦੇਖਕੇ ਇਕ ਦੋ ਸੱਜਨਾਂ ਨੇ ਸੂਤਕ ਪਾਤਕ ਦਾ ਵਹਿਮ ਦਸਕੇ ਇਸ ਬਾਰੇ ਇਤਰਾਜ਼ ਕੀਤਾ ਤਾਂ ਅਗੋਂ ਬਾਬਾ ਜੀ ਨੇ ਬੜੇ ਪ੍ਰੇਮਭਾਵ ਨਾਲ ਗੁਰਬਾਣੀ ਦੇ ਆਧਾਰ ਤੇ ਉਨ੍ਹਾਂ ਦਾ ਵਹਿਮ ਕਢਿਆ।

ਬਾਕੀ ਜੋ ਪ੍ਰਸ਼ਾਦ ਬਚਿਆ ਉਹ ਬਾਬਾ ਜੀ ਨੇ ਗਰੀਬ ਗੁਰਬੇ ਨੂੰ ਵੰਡ ਦਿਤਾ। ਨਿਰੰਕਾਰੀ ਸਿਖਾਂ ਵਿਚ ਇਹ ਘਟਨਾ ਉਸ ਸਮੇਂ ਤੋਂ ਇਕ ਪ੍ਰਮਾਣਿਕ ਰਵਾਇਤ ਬਣ ਗਈ।



Digitized by Panjab Digital Library | www.panjabdigilib.org

ਦੂਜੇ ਭਲਕ ਬਾਬਾ ਦਿਆਲ ਜੀ ਬਾਰਾਂਦਰੀ ਦੀ ਧਰਮਸਾਲਾ 'ਚ ਗਏ। ਉਥੇ ਠਾਕਰ ਦੀਵਾਨ ਸਿੰਘ ਸੰਗਤ ਸਮੇਤ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸੁਣ ਰਹੇ ਸਨ। ਜਦੋਂ ਰਾਗੀ ਸਿੰਘਾਂ ਨੇ ਗੁਰੂ ਨਾਨਕ ਦੇਵ ਜੀ ਦਾ ਇਹ ਮਹਾਵਾਕ ਗਾਇਨ ਕੀਤਾ–

ਮਹਲਾ ੧ ॥

ਸਭੋ ਸੂਤਕੁ ਭਰਮੁ ਹੈ ਦੂਜੇ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ ॥
(ਸ੍ਰੀ ਆਸਾ ਜੀ ਦੀ ਵਾਰ)

ਬਾਬਾ ਦਿਆਲ ਜੀ ਇਕ ਦਮ ਦੀਵਾਨ ਵਿਚ ਖੜੇ ਹੋਕੇ ਕਹਿਣ ਲਗੇ–

"ਰਾਗੀ ਸਿੰਘੋ ! ਗੁਰਬਾਣੀ ਦੀ ਤੁਕ ਨੂੰ ਸੋਧਕੇ ਪੜੋ।"

ਭਾਈ ਦੀਵਾਨ ਸਿੰਘ ਬੋਲੇ–ਗੁਰਮੁਖਾ ! ਤੁਕ ਤਾਂ ਇਵੇਂ ਹੀ ਹੈ। ਪਰ ਤੇਰੀ ਤਸੱਲੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਤੁਕ ਵੇਖ ਲੈਂਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਤੁਕ ਪੜ੍ਹੀ ਗਈ। ਸ਼ਬਦ ਦੀ ਪੰਗਤੀ ਤਾਂ ਸ਼ੁਧ ਹੀ ਸੀ। ਬਾਬਾ ਜੀ ਨੇ ਭਾਈ ਦੀਵਾਨ ਸਿੰਘ ਨੂੰ ਬੜੇ ਜੋਸ਼ ਵਿਚ ਆਕੇ ਮੁਖਾਤਿਬ ਕੀਤਾ ਤੇ ਭਾਈ ਸੂਬਾ ਸਿੰਘ ਦੇ ਅਕਾਲ ਚਲਾਣੇ ਦੀ ਵਾਰਤਾ ਨੂੰ ਦਸਦੇ ਹੋਏ ਗਰਜ ਕੇ ਬੋਲੇ–

"ਕੀ ਭਾਈ ਆਪ ਗੁਰਮੁਖ ਹੋ ? ਜੇ ਗੁਰਮੁਖ ਹੋ ਤਾਂ ਕਲ ਆਪ ਪ੍ਰਸ਼ਾਦ ਛਕਣ ਤੋਂ ਕਿਉਂ ਇਨਕਾਰੀ ਹੋਏ ?"

ਇਹ ਗਲ ਸੁਣਕੇ ਭਾਈ ਠਾਕਰ ਦੀਵਾਨ ਸਿੰਘ ਨੂੰ ਕੋਈ ਉਤਰ ਨਾ ਸੁਝਿਆ ਤੇ ਉਨ੍ਹਾਂ ਆਪ ਸ਼ਰਮ ਨਾਲ ਸਿਰ ਨੀਵਾਂ ਕਰ ਲਿਆ।

## ਭਾਈ ਰਾਮ ਸਿੰਘ ਦੇ ਗੁਰਦਵਾਰੇ ਤੇ ਸ਼ੇਰੇ ਪੰਜਾਬ ਦੀ ਆਮਦ–

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ,ਜਿਸਦਾ ਰਾਜ ਦਰਿਆ, ਸਤਲੁਜ ਤੋਂ ਲੈਕੇ ਦਰਾ ਖੈਬਰ (ਸੂਬਾ ਸਰਹੱਦ) ਤਕ ਫੈਲਿਆ ਹੋਇਆ ਤੇ ਸ੍ਰੀ ਨਗਰ ਕਸ਼ਮੀਰ ਤੇ ਲਦਾਖ ਆਦਿ ਵੀ ਉਸ ਦੇ ਰਾਜ ਵਿਚ ਸ਼ਾਮਲ ਸਨ, ਇਕ



Digitized by Panjab Digital Library | www.panjabdigilib.org

ਦਿਨ ਜਦ ਕਿ ਉਹ ਆਪਣੀ ਸੈਨਾ ਸਮੇਤ ਪਿਸ਼ਾਵਰ ਵਲ ਜਾ ਰਿਹਾ ਸੀ ਤਾਂ ਆਪਣਾ ਇਕ ਮੁਸਾਹਿਬ ਸ: ਦਲ ਸਿੰਘ ਬਾਬਾ ਦਿਆਲ ਜੀ ਦੀ ਸੇਵਾ ਵਿਚ ਭੇਜਿਆ ਤੇ ਇਕ ਮੋਹਰ ਸੰਗਤ ਦੇ ਪ੍ਰਸ਼ਾਦ ਪਾਣੀ ਵਾਸਤੇ ਭੇਜੀ। ਅਗੋਂ ਬਾਬਾ ਜੀ ਨੇ ਉਹ ਭੇਟਾ ਲੈਣ ਤੋਂ ਸਾਫ ਇਨਕਾਰ ਕਰ ਦਿਤਾ ਤੇ ਕਿਹਾ–

"ਇਹ ਗੁਰੂ ਘਰ ਹੈ। ਜੇ ਮਹਾਰਾਜਾ ਸਾਹਿਬ ਇਥੇ ਆਪ ਆਉਣ ਤਾਂ ਇਹ ਭੇਟਾ ਕਬੂਲ ਹੋ ਸਕਦੀ ਹੈ।"

ਮੁਸਾਹਿਬ ਨੇ ਉਹੋ ਗੱਲ ਅਗੇ ਮਹਾਰਾਜਾ ਸਾਹਿਬ ਨੂੰ ਜਾ ਦਸੀ ਤਾਂ ਮਹਾਰਾਜਾ ਸਾਹਿਬ ਖੁਦ ਬੜੀ ਅਧੀਨਗੀ ਨਾਲ ਭਾਈ ਰਾਮ ਸਿੰਘ ਦੇ ਗੁਰਦਵਾਰੇ ਵਿਚ ਪੁਜੇ। ਸੰਗਤ ਦੇ ਜੋੜੇ ਝਾੜੇ ਤੇ ਨਿੰਮ੍ਰਤਾ ਸਹਿਤ ਅਰਜ ਕੀਤੀ–

ਮਹਾਰਾਜ! ਆਪ ਮੇਰਾ ਗੁਨਾਹ ਬਖਸ਼ੋ। ਇਹ ਸਾਰਾ ਰਾਜ-ਭਾਗ ਸਾਧ ਸੰਗਤ ਦੀ ਕ੍ਰਿਪਾ ਨਾਲ ਹੈ। ਇਸ ਲਈ ਦਾਸ ਸੇਵਾ ਵਾਸਤੇ ਹਾਜ਼ਰ ਹੈ।"

ਅਗੋਂ ਬਾਬਾ ਜੀ ਨੇ ਮਹਾਰਾਜੇ ਦਾ ਬੜਾ ਮਾਣ ਸਤਿਕਾਰ ਕੀਤਾ ਤੇ ਉਹ ਭੇਟਾ ਗੁਰੂ ਕੇ ਲੰਗਰ ਲਈ ਕਬੂਲ ਕਰ ਲਈ।

ਫੇਰ ਸ਼ੇਰੇ ਪੰਜਾਬ ਨੇ ਬੜੇ ਸਤਕਾਰ ਨਾਲ ਬਾਬਾ ਜੀ ਦੇ ਨਾਮ ਤੇ ਕੁਝ ਜਾਗੀਰ ਦੇਣੀ ਚਾਹੀ ਪਰ ਆਪਨੇ ਉਹ ਜਾਗੀਰ ਕਬੂਲ ਨਾ ਕੀਤੀ, ਜਿਸ ਕਰਕੇ ਮਹਾਰਾਜਾ ਸਾਹਿਬ ਜਾਂਦੇ ਹੋਏ ਗੁਰਦਵਾਰਾ ਭਾਈ ਰਾਮ ਸਿੰਘ ਦੇ ਨਾਮ ਲੰਗਰ ਵਾਸਤੇ ਕਾਫੀ ਜਗੀਰ ਲਾ ਗਏ, ਜੋ ਪਾਕਿਸਤਾਨ ਬਣਨ ਤਕ ਭਾਈ ਰਾਮ ਸਿੰਘ ਦੇ ਖਾਨਦਾਨ ਨੂੰ ਮਿਲਦੀ ਰਹੀ।

## ਸਾਧੂ ਬੇਲੀ ਰਾਮ ਤੇ ਆਸਾ ਨੰਦ ਦਾ ਕਪਟ–

ਪੁਜਾਰੀ ਟਾਈਪ ਸਿਖਾਂ ਤੋਂ ਬਿਨਾਂ ਸੇਵਾ ਪੰਥੀਸਾਧੂਆਂ ਦਾ ਵੀ ਉਸ ਸਮੇਂ ਧੰਨੀ ਤੇ ਪੋਠੋਹਾਰ ਵਿਚ ਬੜਾ ਜ਼ੋਰ ਸੀ। ਬਾਬਾ ਦਿਆਲ ਜੀ ਦੇ ਦੋ ਛੋਟੇ ਸਪੁਤਰ ਬਾਬਾ ਭਾਗ ਮਲ ਤੇ ਰਤਨ ਚੰਦ ਉਰਫ ਰਤਾ ਜੀ ਪਿੰਡ ਕਾਲਾ ਗੁਜਰਾਂ ਜ਼ਿਲਾ ਜੇਹਲਮ ਵਿਚ ਵਿਆਹੇ ਹੋਏ ਸਨ। ਜਿਸ ਕਰਕੇ ਬਾਬਾ ਦਿਆਲ ਜੀ ਵੀ ਕੁਝ ਇਸ ਰਿਸ਼ਤੇਦਾਰੀ ਕਾਰਨ ਤੇ ਇਸ ਇਲਾਕੇ ਦੇ ਨਿਰੰਕਾਰੀ ਸਿਖਾਂ ਦੀ ਖਿੱਚ ਪਾਉਣ ਤੇ ਕਈ ਵੇਰ ਪਿੰਡ ਕਾਲੇ ਜਾਂਦੇ ਰਹਿੰਦੇ ਸਨ।



Digitized by Panjab Digital Library | www.panjabdigilib.org

ਉਸ ਪਿੰਡ ਵਿਚ ਦੋ ਭਗਵੇ ਕਪੜਿਆਂ ਵਾਲੇ ਸਾਧੂ ਬੇਲੀ ਰਾਮ ਤੇ ਆਸਾ ਨੰਦ ਰਹਿੰਦੇ ਸਨ, ਜਿਨ੍ਹਾਂ ਦਾ ਕੰਮ ਸੀ ਆਪਣੇ ਗੁਜ਼ਾਰੇ ਵਾਸਤੇ ਜੰਤਰ, ਮੰਤਰ ਤੇ ਟੂਣੇ ਟਾਮਣ ਕਰਕੇ ਭੋਲੇ ਭਾਲੇ ਲੋਕਾਂ ਨੂੰ ਹਮੇਸ਼ਾਂ ਕਿਸੇ ਨਾ ਕਿਸੇ ਵਹਿਮ ਵਿਚ ਪਾਈ ਰਖਣਾ। ਨਿਰੰਕਾਰੀ ਸੰਪ੍ਰਦਾਇ ਦਾ ਪ੍ਰਚਾਰ ਹੋਣ ਤੇ ਇਹ ਵਹਿਮ ਪ੍ਰਸਤੀ ਉਥੋਂ ਬੜੀ ਤੇਜ਼ੀ ਨਾਲ ਹਟਣ ਲਗ ਪਈ। ਇਸ ਤਰ੍ਹਾਂ ਆਪਣੀ ਪੂਜਾ ਪ੍ਰਤਿਸ਼ਟਾ ਵਿਚ ਫਰਕ ਪੈਂਦਾ ਵੇਖਕੇ ਉਹ ਸਾਧੂ ਬੜੇ ਭੜਕੇ, ਜਿਸ ਕਰਕੇ ਉਨ੍ਹਾਂ ਬੜੀ ਮਿਠਤ ਭਰੇ ਢੰਗ ਨਾਲ ਇਕ ਦਿਨ ਬਾਬਾ ਜੀ ਨੂੰ ਜਦੋਂ ਉਹ ਸਤਿਸੰਗ ਤੋਂ ਵਹਿਲੇ ਹੋਏ ਤਾਂ ਜ਼ਹਿਰ ਦੀ ਇਕ ਗੋਲੀ ਤਾਕਤ ਤੇ ਹਾਜ਼ਮੇ ਦੀ ਦਸਕੇ ਦੇ ਦਿਤੀ ਤੇ ਕਿਹਾ ਕਿ ਕਿ ਇਸਦੇ ਖਾਣ ਨਾਲ ਤੁਸੀਂ ਚੰਗੇ ਸੇਹਤ ਮੰਦ ਹੋ ਜਾਵੋਗੇ।

ਬਾਬਾ ਜੀ ਨੇ ਉਨ੍ਹਾਂ ਦਾ ਕਹਿਣਾ ਮੰਨ ਕੇ ਉਹ ਗੋਲੀ ਨਿਰੰਕਾਰ ਦਾ ਨਾਮ ਲੈਕੇ ਛਕ ਲਈ। ਇਹ ਦੇਖਕੇ ਦੋਵੇਂ ਸਾਧੂ ਡਰਕੇ ਉਥੋਂ ਪਿੰਡ ਸੰਗੋਈ ਜੋ ਦਰਿਆ ਦੇ ਦੂਜੇ ਪਾਸੇ ਸੀ ਚਲੇ ਗਏ ਤੇ ਬਾਬਾ ਜੀ ਦੀ ਸੇਹਤ ਬਾਰੇ ਆਏ ਗਏ ਤੋਂ ਰੋਜ਼ ਪੁਛਦੇ ਰਹੇ। ਪਰ ਜਦ ਉਨ੍ਹਾਂ ਨੂੰ ਪਤਾ ਲਗਾ ਕਿ ਬਾਬਾ ਜੀ ਦੀ ਸਿਹਤ ਨੌ-ਬਰ-ਨੌ ਹੈ ਤੇ ਉਹ ਬੜੇ ਉਤਸ਼ਾਹ ਨਾਲ ਨਾਮ-ਬਾਣੀ ਦਾ ਲਗਾਤਾਰ ਪ੍ਰਚਾਰ ਕਰ ਰਹੇ ਹਨ ਤਾਂ ਉਹ ਬੜੇ ਹੈਰਾਨ ਹੋਏ ਤੇ ਦੋਵੇਂ ਗੁਰੂ ਚੇਲਾ ਪਿੰਡ ਕਾਲੇ ਮੁੜ ਆਏ ਤੇ ਰੋਟੀਆਂ ਮੰਗਦੇ ਅਚਾਨਕ ਗਲੀ ਵਿਚ ਬਾਬਾ ਜੀ ਨੂੰ ਮਿਲ ਪਏ। ਬਾਬਾ ਜੀ ਨੇ ਉਨ੍ਹਾਂ ਨੂੰ ਝਟਪਟ ਪਛਾਣ ਲਿਆ ਤੇ ਕਿਹਾ—

"ਮਹਾਤਮਾ ਜੀ! ਉਸ ਗੋਲੀ ਨੇ ਮੈਨੂੰ ਬੜਾ ਆਨੰਦ ਦਿਤਾ ਹੈ। ਤੁਸੀਂ ਉਹੀ ਜਿਹੀ ਇਕ ਹੋਰ ਗੋਲੀ ਦਿਓ ਤਾਂਕਿ ਬਾਕੀ ਦੀ ਕਮਜ਼ੋਰੀ ਵੀ ਦੂਰ ਹੋ ਜਾਏ।"

ਬਸ ਫੇਰ ਕੀ ਸੀ ਕਿ ਬਾਬਾ ਦਿਆਲ ਜੀ ਦੇ ਇਹ ਬਚਨ ਸੁਣਕੇ ਉਹ ਦੋਵੇਂ ਸ਼ਰਮ ਨਾਲ ਪਾਣੀ ਪਾਣੀ ਹੋ ਗਏ ਤੇ ਆਪਣੇ ਗੁਨਾਹ ਦੀ ਮਾਫੀ ਮੰਗਕੇ ਉਹ ਝੋਲੀਆਂ ਤੇ ਭਗਵੇ ਕਪੜੇ ਤਾਂ ਉਨ੍ਹਾਂ ਨੇ ਬਲਦੇ ਤੰਦੂਰ ਵਿਚ ਸੁਟੇ ਤੇ ਉਹ ਦੋਵੇਂ ਨਾਮ ਦਾਨ ਲੈਕੇ ਬਾਬਾ ਜੀ ਦੀ ਨਿਰੰਕਾਰੀ ਲਹਿਰ ਵਿਚ ਸ਼ਾਮਲ ਹੋਏ। ਆਪਣੇ ਇਸ ਘੋਰ ਗੁਨਾਹ ਦੇ ਪ੍ਰਾਸਚਿਤ ਵਜੋਂ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਹੱਥ ਲਿਖਤ ਬੀੜ ਤਿਆਰ ਕੀਤੀ, ਜੋ ਉਨ੍ਹਾਂ ਨੇ ਸ਼ੁਕਰਾਨੇ ਵਜੋਂ ਨਿਰੰਕਾਰੀ ਦਰਬਾਰ ਨੂੰ ਭੇਟ ਕੀਤੀ।



Digitized by Panjab Digital Library | www.panjabdigilib.org

ਇਹ ਹਥ ਲਿਖਤ ਬੀੜ ਜਿਸਦੇ ਇਕ ਪਤਰੇ ਉਤੇ ਸਾਧੂ ਬੇਲੀ ਰਾਮ ਤੇ ਆਸਾ ਨੰਦ ਦੇ ਹਸਤਾਖਰ ਹਨ। ਪਿਛੋਂ ਇਹ ਬੀੜ ਪਾਕਿਸਤਾਨ ਬਣਨ ਤੇ ਹੋਰ ਬੀੜਾਂ ਦੇ ਨਾਲ ਗੋਇੰਦਵਾਲ (ਅੰਮ੍ਰਿਤਸਰ) ਪਹੁੰਚ ਗਈ ਤੇ ਪੁਰਾਤਨ ਹਥ ਲਿਖਤ ਪੁਸਤਕਾਂ ਦੀ ਖੋਜ ਕਰਦਿਆਂ ਇਹ ਬੀੜ ਅਚਾਨਕ ਮੈਨੂੰ ਲੱਭੀ, ਜੋ ਹੁਣ ਬਾਬਾ ਜੀ ਦੇ ਖਾਨਦਾਨ ਚੋਂ ਡਾਕਟਰ ਮਾਨ ਸਿੰਘ ਜੀ ਨਿਰੰਕਾਰੀ ਪਾਸ ਮੌਜੂਦ ਹੈ।

## ਚੇਤ ਰਾਮ ਦਾ ਰਹੱਸਮਈ ਮਿਲਾਪ

ਚੇਤ ਰਾਮ ਭਟਿਓਟ ਨਿਵਾਸੀ ਦੇ ਮਿਲਾਪ ਦੀ ਘਟਨਾ ਇਕ ਅਜਿਹੀ ਹੈ, ਜੋ ਜਨਮ ਸਾਖੀ ਦੇ ਕੌਡੇ ਤੇ ਦੇਵਲੂਤ ਰਾਖਸ਼ਾਂ ਦੀਆਂ ਸਾਖੀਆਂ ਨਾਲ ਮੇਲ ਖਾਂਦੀ ਹੈ, ਪਰ ਉਨ੍ਹਾਂ ਦੇ ਮੁਕਾਬਲੇ ਤੇ ਚੇਤ ਰਾਮ ਭਟਿਓਟਵਾਸੀ ਦਾ ਮਿਲਾਪ ਇਕ ਹੋਰ ਤਰ੍ਹਾਂ ਦੀ ਰਹੱਸ ਮਈ ਤੇ ਚਮਤਕਾਰੀ ਘਟਨਾ ਦਾ ਪ੍ਰਤੀਕ ਹੈ। ਉਹ ਇਸ ਤਰ੍ਹਾਂ ਹੈ–

ਬਾਬਾ ਦਿਆਲ ਜੀ ਇਕ ਦਿਨ ਸਵੇਰੇ ਰਾਵਲਪਿੰਡੀ ਦੇ ਗੁਰਦਵਾਰੇ ਪਿਸ਼ੌਰੀਆਂ ਵਿਚ ਨਾਮ-ਬਾਣੀ ਦਾ ਉਪਦੇਸ਼ ਦੇ ਰਹੇ ਸਨ ਕਿ ਚਾਣਚੱਕ ਚੇਤ ਰਾਮ ਨਾਮੀ ਵਿਅਕਤੀ ਉਥੋਂ ਦੀ ਲੰਘਿਆ। ਜੋ ਬਾਬਾ ਜੀ ਦੇ ਚੇਹਰੇ ਵਲ ਇਕ ਟੱਕ ਤਕਦਾ ਰਿਹਾ। ਬਾਬਾ ਜੀ ਨੇ ਇਹ ਦੇਖਕੇ ਉਸਨੂੰ ਬੜੇ ਆਦਰ ਨਾਲ ਅੰਦਰ ਬੁਲਾਇਆ। ਪਹਿਲਾਂ ਤਾਂ ਉਹ ਪਾਠ ਸਰਵਣ ਕਰਦਾ ਰਿਹਾ ਤੇ ਫੇਰ ਪ੍ਰੋਗਰਾਮ ਦੀ ਸਮਾਪਤੀ ਹੋਣ ਤੇ ਉਸ ਨੇ ਬਾਬਾ ਜੀ ਦੇ ਚਰਨ ਫੜ ਲਏ ਤੇ ਅਧੀਨਗੀ ਨਾਲ ਕਹਿਣ ਲਗਾ–

"ਮਹਾਰਾਜ! ਤੁਸੀਂ ਮੇਰੇ ਸਚੇ ਰੂਹਾਨੀ ਰਹਿਨੁਮਾ ਹੋ ਤੇ ਤੁਸੀਂ ਮੈਨੂੰ ਇਕ ਬੜੀ ਮੁਸ਼ਕਲ ਤੋਂ ਬਚਾਇਆ ਹੈ।"

ਮਾਨਯੋਗ ਬਾਬਾ ਜੀ ਨੇ ਜਦ ਉਸਦੀ ਸਾਰੀ ਵਿਥਿਆ ਸੁਣੀ ਤਾਂ ਉਸਨੇ ਦਸਿਆ–

"ਮਹਾਰਾਜ! ਮੈਂ ਨਗੁਰ ਭਟਿਓਟ ਦਾ ਵਸਨੀਕ ਹਾਂ। ਇਕ ਦਿਨ ਅਚਾਨਕ ਉਥੋਂ ਜਦ ਮੈਂ ਨਗਰ ਅਖੌੜੀ ਨੂੰ ਜਾ ਰਿਹਾ ਸੀ ਤਾਂ ਪਹਾੜੀ ਰਸਤੇ ਵਿਚ ਦੋ ਤਿੰਨ ਖੂੰਨ ਖਾਰ ਪਠਾਣਾਂ ਨੇ ਮੈਨੂੰ ਘੇਰ ਲਿਆ ਤੇ ਕਹਿਣ ਲਗੇ ਕਿ ਇਸ ਕਾਫਰ ਨੂੰ ਮਾਰੋ ਤੇ ਲੁਟ ਲਓ। ਅਚਾਨਕ ਮੈਂ ਉਸੇ ਵੇਲੇ



Digitized by Panjab Digital Library | www.panjabdigilib.org

ਗੁਰੂ ਨਾਨਕ ਦੇਵ ਦਾ ਧਿਆਨ ਕਰਕੇ ਅਰਦਾਸ ਕੀਤੀ । ਬਸ ਫੇਰ ਕੀ ਸੀ ਕਿ ਤੁਸੀਂ ਉਸੇ ਵੇਲੇ ਆ ਬਹੁੜੇ ਤੇ ਮੈਨੂੰ ਉਨ੍ਹਾਂ ਜ਼ਾਲਮਾਂ ਤੋਂ ਬਚਾ ਲਿਆ ਤੇ ਉਹ ਪਠਾਣ ਬੇਹੋਸ਼ ਹੋਕੇ ਡਿਗ ਪਏ ਮੈਂ ਤੁਹਾਡੇ ਚੇਹਰੇ ਵਲ ਤਕਦਾ ਹੀ ਰਹਿ ਗਿਆ ਤੇ ਤੁਸੀਂ ਅਲੋਪ ਹੋ ਗਏ । ਬਸੋ ਹੁਣ ਮੈਂ ਪਛਾਣ ਲਿਆ ਹੈ ਕਿ ਉਹੋ ਗੁਰਮੁਖ ਸਰੂਪ ਹੋ ।"

ਇਹ ਸੁਣਕੇ ਭਾਈ ਚੇਤ ਰਾਮ ਨੂੰ ਬਾਬਾ ਜੀ ਨੇ ਬੜਾ ਦਿਲਾਸਾ ਦਿਤਾ ਤੇ ਉਹ ਉਸੇ ਸਮੇਂ ਤੋਂ ਮਨ, ਵਚਨ ਤੇ ਕਰਮ ਕਰਕੇ ਬਾਬਾ ਜੀ ਦਾ ਪਰਮ ਸੇਵਕ ਬਣ ਗਿਆ ।

ਇਸ ਤਰ੍ਹਾਂ ਬਾਬਾ ਦਿਆਲ ਜੀ ਦਾ ਦੂਜਾ ਸੇਵਕ ਸੀ ਭਾਈ ਰਾਮ ਸਿੰਘ 'ਸੁਥਰਾ' ਜੋ ਉਨ੍ਹਾਂ ਤੋਂ ਬ੍ਰਹਮ ਗਿਆਨ ਪ੍ਰਾਪਤ ਕਰਕੇ ਪਰਮਪਦ ਦਾ ਭਾਗੀ ਬਣਿਆ । ਇਹ ਭਾਈ ਰਾਮ ਸਿੰਘ 'ਸੁਥਰਾ' ਪਹਿਲਾਂ ਲੋਕਾਂ ਨੂੰ ਵਿਆਜੀ ਰੁਪਏ ਦੇਕੇ ਸ਼ਾਹੂਕਾਰਾ ਚਲਾਉਂਦਾ ਸੀ, ਪਰ ਫੇਰ ਬਾਬਾ ਜੀ ਦੇ ਉਪਦੇਸ਼ ਨਾਲ ਸਤ-ਧਰਮ ਦੀ ਕਮਾਈ ਕਰਕੇ ਅਧਿਆਪਕੀ ਪੇਸ਼ੇ ਰਾਹੀਂ ਆਪਣਾ ਗੁਜ਼ਾਰਾ ਕਰਨ ਲਗ ਪਿਆ ਤੇ ਮਸ਼ਹੂਰ ਨਿਰੰਕਾਰੀ ਮੰਨਿਆ ਗਿਆ ।

## ਨਿਤ ਕ੍ਰਿਆ, ਪ੍ਰਚਾਰ ਤੇ ਨਿਰੰਕਾਰੀ ਆਦਰਸ਼—

ਬਾਬਾ ਦਿਆਲ ਜੀ ਦੀ ਇਸ ਸਮੇਂ ਨਿਤ ਕ੍ਰਿਆ ਇਹ ਸੀ ਕਿ ਉਹ ਰੋਜ਼ ਅੰਮ੍ਰਿਤ ਵੇਲੇ ਦੋ ਵਜੇ ਉਠਦੇ. ਸੌਚ-ਇਸ਼ਨਾਨ ਕਰਦੇ, ਨਿਤਨੇਮ ਦਾ ਪਾਠ ਕਰਕੇ ਗੁਰਦਵਾਰੇ ਜਾਂਦੇ, ਮੱਥਾ ਟੇਕਦੇ, ਕੀਰਤਨ ਸੁਣਦੇ, ਸਾਰੀ ਸੰਗਤ ਦੇ ਜੋੜੇ ਝਾੜਦੇ, ਫ਼ੇਰ ਗੁਰ-ਸਿਖਾਂ ਦੇ ਦਰਸ਼ਨ ਕਰਨ ਮਗਰੋਂ ਖੁਦ ਗੁਰਬਾਣੀ ਦੀ ਕਥਾ ਕਰਦੇ ਤੇ ਅਰਥ-ਭਾਵ ਦਸਕੇ ਸਾਰੇ ਗੁਰ-ਸਿਖਾਂ ਨੂੰ ਗੁਰੂ ਜੀ ਦੇ ਆਸ਼ੇ ਅਨੁਸਾਰ ਚਲਣ ਦਾ ਉਪਦੇਸ਼ ਕਰਦੇ । ਬਸ ਇਹੋ ਉਨ੍ਹਾਂ ਦਾ ਮੁਖ ਕਰਤੱਵ ਸੀ, ਜੋ ਉਹ ਭੁਗਤਾਉਂਦੇ ਹੋਏ ਕਦੇ ਆਲਸ ਨਹੀਂ ਕਰਦੇ ਸਨ । ਇਸੇ ਕਾਰਨ ਉਨ੍ਹਾਂ ਦੇ ਸ਼ਰਧਾਲੂ ਨਿਤ ਨਵੇਂ ਸੂਰਜ ਵਧਦੇ ਹੀ ਚਲੇ ਗਏ ਤੇ ਹੋਰ ਸਾਰੇ ਮਨਮਤੀ ਵਹਿਮ, ਪਾਖੰਡ, ਜੰਤਰ ਮੰਤਰ, ਟੂਣੇ ਟਾਮਣ, ਦੇਵੀ-ਦੇਵਤਿਆਂ, ਪੀਰਾਂ-ਫਕੀਰਾਂ ਤੇ ਮੜ੍ਹੀ ਮੱਠਾਂ ਦਾ ਮੰਨਣ ਪੂਜਣ ਅਤੇ ਸੂਤਕ-ਪਾਤਕ ਦਾ ਭਰਮ ਉਨ੍ਹਾਂ ਨੇ ਕਤਈ ਤੌਰ ਤੇ ਛੱਡ ਦਿਤਾ । ਜਿਸ ਕਾਰਨ ਇਸ ਨਿਰੰਕਾਰੀ ਸੰਪ੍ਰਦਾਇ ਦੀ ਹਰ ਪਾਸੇ ਸੋਭਾ ਹੋਣ ਲਗ ਪਈ, ਕਿਉਂਕਿ



Digitized by Panjab Digital Library | www.panjabdigilib.org

ਉਹ ਨਾ ਤਾਂ ਬ੍ਰਾਹਮਣਵਾਦ ਨੂੰ ਮੰਨਦੇ ਸਨ ਤੇ ਨਾ ਹੀ ਉਨ੍ਹਾਂ ਤੋਂ ਪੱਤਰੀਆਂ ਖੁਲ੍ਹਵਾਕੇ ਪੁਛਣਾ ਪੁਛਣ ਵਿਚ ਯਕੀਨ ਰਖਦੇ ਸਨ।

ਹੋਰ ਸਾਧਾਂ ਫਕੀਰਾਂ ਦੀ ਵੀ ਉਨ੍ਹਾਂ ਦੇ ਦਿਲ ਵਿਚ ਕੋਈ ਮੰਨ-ਮਨੌਤ ਨਹੀਂ ਸੀ। ਉਹ ਆਪਣੇ ਸਾਰੇ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ, ਨਾਮ ਬਾਣੀ ਦੇ ਆਸਰੇ, ਇਕ ਮਨ ਚਿੱਤ ਹੋ ਅਰਦਾਸਾ ਸੋਧਕੇ ਹੀ ਸੰਪੰਨ ਹੋਏ ਸਮਝਦੇ ਸਨ।

ਇਸ ਤਰ੍ਹਾਂ ਨਿਰੰਕਾਰੀਆਂ ਦੀ ਚੜ੍ਹਦੀ ਕਲਾ ਹੋਣ ਤੇ ਬਾਬਾ ਦਿਆਲ ਜੀ ਨੇ ਆਪਣਾ ਇਹ ਮਿਸ਼ਨ ਸਫਲ ਹੋਇਆ ਸਮਝਕੇ ਬੜੀ ਬੁਲੰਦ ਆਵਾਜ਼ ਵਿਚ ਕਹਿਣਾ ਸ਼ੁਰੂ ਕਰ ਦਿਤਾ–

ਐ ਗੁਰਸਿਖੋ ! ਅਜ ਤੁਸੀਂ ਸਾਨੂੰ ਬੜਾ ਮਾਣ ਬਖਸ਼ਦੇ ਹੋ। ਪਰ ਅਸੀਂ ਛੇਤੀ ਹੀ ਇਕ ਨਵਾਂ ਬੋਲਾ ਦੇਵਾਂਗੇ। ਉਸ ਸਮੇਂ ਕੋਈ ਵਿਰਲਾ ਹੀ ਸਾਡਾ ਸਾਥ ਨਿਭਾਵੇਗਾ। ਇਕ ਦਿਨ ਕਥਾ ਦੀ ਸਮਾਪਤੀ ਮਗਰੋਂ ਬਾਬਾ ਦਿਆਲ ਜੀ ਨੇ ਪਿਸ਼ੌਰੀਆਂ ਦੀ ਧਰਮਸਾਲਾ ਵਿਚ ਬੁਲੰਦ ਆਵਾਜ਼ ਵਿਚ ਕਿਹਾ–

ਜਪੋ ਪਿਆਰਿਓ ਧੰਨ ਨਿਰੰਕਾਰ।
ਜੋ ਦੇਹ ਧਾਰੀ ਸਭ ਖੁਆਰ ।

ਇਹ ਕਹਿਣ ਤੇ ਸਾਰੀ ਸੰਗਤ ਵਿਚ ਸਨਾਟਾ ਛਾ ਗਿਆ ਤੇ ਚੇ-ਮੇ-ਗੋਈਆਂ ਹੋਣ ਲਗ ਪਈਆਂ ਕਿ ਇਹ ਕੋਈ ਆਪਣਾ ਨਵਾਂ ਧਰਮ ਚਲਾਉਣ ਲਗੇ ਹਨ। ਸੰਗਤ ਦਾ ਵਿਸ਼ੇਸ਼ ਹਿਸਾ ਆਪਜੀ ਦੇ ਵਿਰੁਧ ਹੋਗਿਆ। ਥੋੜੇ ਜਿਹੇ ਸਾਦਕ ਸਿਖ ਹੀ ਸਨ, ਜਿਨ੍ਹਾਂ ਨੇ ਬਾਬਾ ਜੀ ਦੇ ਇਸ ਬੋਲੇ ਦੀ ਪ੍ਰੋੜਤਾ ਕੀਤੀ ਤੇ ਗਜ ਕੇ ਬਾਬਾ ਜੀ ਨਾਲ ਇਹ ਬੋਲਾ ਗਜਾਇਆ।

ਜਦੋਂ ਦੂਜੇ ਦਿਨ ਬਾਬਾ ਜੀ ਪਸ਼ੌਰੀਆਂ ਦੇ ਗੁਰਦਵਾਰੇ ਪੁਜੇ ਤਾਂ ਗੁਰਦਵਾਰੇ ਦੇ ਬੂਹੇ ਬਾਬਾ ਜੀ ਤੇ ਉਨ੍ਹਾਂ ਦੇ ਸਾਦਕ ਸਾਥੀਆਂ ਲਈ ਬੰਦ ਸਨ।

ਬਸ, ਪੂਰਨ ਪੁਰਖ ਬਾਬਾ ਦਿਆਲ ਜੀ ਦਾ ਇਹੋ ਸਤ-ਧਰਮ ਉਤੇ ਆਧਾਰਿਤ ਬਿਆਨ ਸੀ ਜੋ ਉਨ੍ਹਾਂ ਸਾਰੇ ਮਨਮਤੀ ਲੋਕਾਂ ਨੂੰ, ਜੋ ਹਮੇਸ਼ਾਂ ਗੁਰਮਤਿ ਤੋਂ ਉਲਟ ਚਲਦੇ ਸਨ, ਗੋਲੀ ਵਾਂਗ ਵਜਿਆ ਤੇ ਉਨ੍ਹਾਂ ਦੇ ਦਿਲਾਂ ਨੂੰ ਖਾ ਗਿਆ। ਜਿਸ ਕਰਕੇ ਉਹ ਬਹੁਤ ਤੜਫੇ ਤੇ ਫ਼ੇਰ ਉਨ੍ਹਾਂ ਨੇ ਸਾਰੇ ਭਾਈਚਾਰੇ ਨੂੰ ਇਕਠਿਆਂ ਕਰਕੇ ਬਾਬਾ ਜੀ ਨੂੰ ਸਾਰੇ ਪੰਚਾਂ ਦੇ ਰੂ-ਬ-ਰੂ ਕਿਹਾ–

"ਤੁਸੀਂ ਸਾਰੇ ਦੇਵੀ-ਦੇਵਤਿਆਂ ਦੀ ਕਰੜੀ ਨਿੰਦਾ ਕਰਦੇ ਹੋ ਤੇ ਬ੍ਰਾਹਮਣਾਂ



Digitized by Panjab Digital Library | www.panjabdigilib.org

ਨੂੰ ਵੀ ਭੰਡਦੇ ਹੋ। ਪਿਤ੍ਰਾਂ ਦੇ ਸ਼ਰਾਧ ਵੀ ਨਹੀਂ ਕਰਦੇ ਤੇ ਸੂਤਕ-ਪਾਤਕ ਦਾ ਵੀ ਖੰਡਨ ਕਰਦੇ ਹੋ। ਗੁਰਦਵਾਰੇ ਜਾਕੇ ਸੰਗਤ ਦੇ ਜੋੜੇ ਝਾੜਦੇ ਤੇ ਨੀਵੀਆਂ ਜਾਤਾਂ ਨੂੰ ਇਸ ਤਰ੍ਹਾਂ ਉਤਾਂਹ ਚੁਕਦੇ ਹੋ। ਇਸ ਲਈ ਜਾਂ ਤਾਂ ਤੁਸੀਂ ਇਸ ਕਿਰਿਆ ਭੋਂ ਹਟੋ, ਨਹੀਂ ਤਾਂ ਤੁਸੀਂ ਭਾਈਚਾਰੇ ਵਲੋਂ ਸਖਤ ਦੰਡ ਦੇ ਭਾਗੀ ਹੋ, ਜੋ ਤੁਹਾਨੂੰ ਹਰ ਹਾਲਤ ਵਿਚ ਅਦਾ ਕਰਨਾ ਪਵੇਗਾ।"

ਵਿਰੋਧੀ ਲੋਕਾਂ ਦੇ ਇਹ ਬਚਨ ਸੁਣਕੇ ਬਾਬਾ ਜੀ ਨੇ ਅਗੋਂ ਬੜੀ ਕੜਕਵੀਂ ਆਵਾਜ਼ ਵਿਚ ਕਿਹਾ—

"ਮੈਂ ਗੁਰੂ ਨਾਨਕ ਦੇਵ ਜੀ ਦਾ ਸਚਾ ਸਿਖ ਹਾਂ, ਗੁਰੂ ਨਾਨਕ ਨਿਰੰ-ਕਾਰੀ ਵਾਂਗ ਹੀ ਸਚਾ ਨਿਰੰਕਾਰੀ ਹੋਣ ਦੇ ਨਾਤੇ ਉਨ੍ਹਾਂ ਦੇ ਪਾਏ ਪੂਰਨਿਆਂ ਉਤੇ ਮਨ, ਵਚਨ ਤੇ ਕਰਮ ਨਾਲ ਚਲਦਾ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਬਗੈਰ ਮੈਂ ਹੋਰ ਕਿਸੇ ਵੇਦ ਸ਼ਾਸਤ੍ਰ ਜਾਂ ਕਤੇਬ ਨੂੰ ਨਹੀਂ ਮੰਨਦਾ। ਇਸ ਲਈ ਇਸ ਸਚਾਈ ਦੇ ਰਸਤੇ ਤੇ ਚਲਣ ਦਾ ਮੈਨੂੰ ਪੂਰਾ ਪੂਰਾ ਹੱਕ ਹੈ। ਜੇ ਮੈਂ ਗੁਰਬਾਣੀ ਦੇ ਆਧਾਰ ਤੇ ਹੋਰ ਦੇਵੀ-ਦੇਵਤਿਆਂ ਦੇ ਮੁਕਾਬਲੇ ਤੇ ਇਕ ਨਿਰੰਕਾਰ ਦੀ ਉਪਾਸ਼ਨਾ ਕਰਨ ਦਾ ਉਪਦੇਸ਼ ਦਿਤਾ ਹੈ ਤਾਂ ਇਸ ਵਿਚ ਕੋਈ ਗੁਨਾਹ ਨਹੀਂ ਕੀਤਾ ਤੇ ਨਾ ਹੀ ਕਿਸੇ ਦਾ ਦਿਲ ਦੁਖਾਇਆ ਹੈ। ਇਸ ਲਈ ਮੈਨੂੰ ਤੁਹਾਡੇ ਇਸ ਅਖੌਤੀ ਭਾਈਚਾਰਕ ਦੰਡ ਦਾ ਕੋਈ ਡਰ ਨਹੀਂ ਹੈ ਤੇ ਮੈਂ ਤੁਹਾਡੇ ਇਸ ਦੰਡ ਨੂੰ ਨਹੀਂ ਮੰਨਦਾ। ਮੈਂ ਇਸ ਦੰਡ ਦੀ ਅਦਾਇਗੀ ਨਹੀਂ ਕਰਾਂਗਾ। ਜੇ ਇਸ ਨੇਕ ਕੰਮ ਬਦਲੇ ਭਾਈਚਾਰਾ ਮੇਰੇ ਨਾਲ ਨਾ ਵਰਤੇ ਤਾਂ ਉਸਦੀ ਮਰਜ਼ੀ। ਜੇ ਉਹ ਇਸ ਮਨਮਰਜ਼ੀ ਉਤੇ ਚਲੇ ਤਾਂ ਇਸ ਗਲਤੀ ਦੀ ਸਜ਼ਾ ਉਹ ਆਪ ਹੀ ਭੁਗਤੇਗਾ ਤੇ ਮੈਂ ਇਸਦਾ ਜ਼ਿੰਮੇਂਵਾਰ ਨਹੀਂ ਹੋਵਾਂਗਾ।"

ਬਸ ਫ਼ੇਰ ਕੀ ਸੀ ਕਿ ਬਾਬਾ ਦਿਆਲ ਜੀ ਦੇ ਇਹ ਖਰੇ ਖਰੇ ਬਚਨ ਸੁਣਕੇ ਭਾਈਚਾਰੇ ਦੇ ਉਹ ਪੰਚ, ਸਰਪੰਚ ਤੇ ਖੜਪੰਚ ਸਾਰੇ ਹੀ ਤੜਫ ਉਠੇ ਤੇ ਬਾਬਾ ਜੀ ਦੇ ਇਸ ਨਿਰੰਕਾਰੀ ਮਿਸ਼ਨ ਦੀ ਵਿਰੋਧਤਾ ਕਰਨ ਉਤੇ ਲੱਕ ਬੰਨ੍ਹ ਲਿਆ ਤੇ ਬਾਬਾ ਜੀ ਨੂੰ ਕੁਰਾਹੀਆ ਕਹਿਕੇ ਹਰ ਪਾਸੇ ਭੰਡਣਾ ਸ਼ੁਰੂ ਕਰ ਦਿਤਾ।

## ਸ: ਨਿਹਾਲ ਸਿੰਘ ਛਾਛੀ ਤੇ ਦੀਵਾਨ ਤੋਰੂ ਰਾਇ—

ਉਸ ਸਮੇਂ ਨਿਰੰਕਾਰੀ ਮਿਸ਼ਨ ਦੀ ਵਿਰੋਧਤਾ ਵਿਚ ਬਾਬਾ ਦਿਆਲ ਜੀ ਦੇ ਮੁਕਾਬਲੇ ਤੇ ਰਾਵਲਪਿੰਡੀ ਦੇ ਮਸ਼ਹੂਰ ਸਜਨ ਮੈਦਾਨ ਵਿਚ ਆਏ।



Digitized by Panjab Digital Library | www.panjabdigilib.org

ਉਹ ਸਨ– ਸਰਦਾਰ ਨਿਹਾਲ ਸਿੰਘ ਛਾਛੀ ਤੇ ਦੀਵਾਨ ਤੌਰੂ ਰਾਇ। ਸ: ਨਿਹਾਲ ਸਿੰਘ ਛਾਛੀ ਸਰ ਲੈਪਲ ਗ੍ਰਿਫਨ ਕ੍ਰਿਤ ਪੰਜਾਬ ਚੀਫਸ ਦੇ ਕਥਨ ਅਨੁਸਾਰ ਇਸ ਇਲਾਕੇ ਦੇ ਮੰਨੇ ਪ੍ਰਮੰਨੇ ਰਾਈਸ ਸਨ ਤੇ ਉਸਦੇ ਨਾਲ ਦੀਵਾਨ ਤੌਰੂ ਰਾਇ ਨਾਮੀ ਰਾਵਲਪਿੰਡੀ ਦੇ ਇਕ ਹੋਰ ਖੜਪੰਚ ਆ ਮਿਲੇ, ਜੋ ਹਰੇਕ ਝਗੜੇ ਵਿਚ ਮਲੋ ਮਲੀ ਲਤ ਅੜਾਉਣ ਕਰਕੇ 'ਕੂਹਣੀ-ਮਾਰ' ਲਕਬ ਨਾਲ ਮਸ਼ਹੂਰ ਸਨ।

ਸਰ ਲੈਪਲ ਗ੍ਰਿਫਨ ਦੇ ਕਥਨ ਅਨੁਸਾਰ ਸਰਦਾਰ ਨਿਹਾਲ ਸਿੰਘ ਜਾਤ ਦੇ ਦਰਅਸਲ ਸੈਣੀ ਸਨ ਪਰ ਸ: ਗੁਰਮੁਖ ਸਿੰਘ ਛਾਛੀ ਰਾਵਲਪਿੰਡੀ ਦੀ ਲੜਕੀ ਨਾਲ ਸ਼ਾਦੀ ਹੋਣ ਕਰਕੇ ਛਾਛੀ ਪ੍ਰਸਿਧ ਹੋ ਗਏ।

ਇਹ ਸਿੱਖ ਰਾਜ ਦੇ ਸਮੇਂ ਤੋਂ ਹੀ ਅੰਦਰ ਖਾਤੇ ਸਿਖ ਸਰਕਾਰ ਦੀ ਵਿਰੋਧਤਾ ਕਰਕੇ ਸੰਨ 1846 ਤੋਂ ਲਾਹੌਰ ਦੇ ਰਾਜ ਪ੍ਰਬੰਧਕ ਸਰ ਹੈਨਰੀ ਲਾਰੰਸ ਤੇ ਲਾਰਡ ਲਾਰੰਸ ਦਾ ਪੱਖ ਪੂਰਦੇ ਸਨ। ਫੇਰ ਸਿ ਰਾਜ ਪਿਛੋਂ ਅੰਗਰੇਜ਼ੀ ਰਾਜ ਦੇ ਪਕੇ ਹਮਾਇਤੀ ਬਣ ਗਏ ਤੇ ਸੰਨ 1857 ਦੇ ਗਦਰ ਸਮੇਂ ਪੂਰਬੀਆਂ ਦੇ ਵਿਰੁਧ ਅੰਗਰੇਜ਼ਾਂ ਦੇ ਭਾਈਵਾਲ ਬਣੇ ਤੇ ਇਸੇ ਕਾਰਨ ਸਰਕਾਰ ਅੰਗਰੇਜ਼ੀ ਵਲੋਂ ਇਹ ਰਾਵਲਪਿੰਡੀ ਦੇ ਆਨਰੇਰੀ ਮਜਿਸ-ਟਰੇਟ ਵੀ ਬਣਾਏ ਗਏ। ਬਾਬਾ ਦਿਆਲ ਜੀ ਸਿਖ ਰਾਜ ਦੀ ਸਮਾਪਤੀ ਹੋਣ ਕਾਰਨ ਸਿਖਾਂ ਦੀ ਹੋਈ ਅਵੱਸ਼ ਗਿਰਾਵਟ ਨੂੰ ਤਨੋ ਮਨੋ ਮਹਿਸੂਸ ਕਰਦੇ ਸਨ। ਉਸਦੇ ਫਲ ਸਰੂਪ ਸਿਖਾਂ 'ਚ ਆਈ ਮਾਨਸਿਕ ਗਿਰਾਵਟ ਨੂੰ ਦੂਰ ਕਰਨ ਲਈ ਸਿੱਖ ਕੌਮ ਨੂੰ ਸ਼ਾਂਤਮਈ ਢੰਗ ਨਾਲ ਨਾਮ-ਬਾਣੀ ਦੇ ਸਹਾਰੇ ਉਤਾਂਹ ਉਠਾਉਣ ਦੇ ਚਾਹਵਾਨ ਸਨ, ਇਸ ਲਈ ਸ: ਨਿਹਾਲ ਸਿੰਘ ਛਾਛੀ ਜੋ ਸਰਕਾਰ ਅੰਗਰੇਜ਼ੀ ਦੇ ਪਿੱਠੂ ਸਨ, ਇਸ ਨਿਰੰਕਾਰੀ ਮਿਸ਼ਨ ਨੂੰ ਕੁਚਲਣ ਤੇ ਤੁਲ ਗਏ ਤੇ ਉਨ੍ਹਾਂ ਨੇ ਖੁਫੀਆ ਪੁਲੀਸ ਰਾਹੀਂ ਕਈ ਟੇਢੇ ਮੇਢੇ ਢੰਗ ਵਰਤਕੇ ਸਰਕਾਰੀ ਤੌਰਤੇ ਇਸ ਬਾਰੇ ਇਨਕੁਆਇਰੀ ਕਰਵਾਣ ਦਾ ਜਤਨ ਵੀ ਕੀਤਾ, ਪਰ ਬਾਬਾ ਜੀ ਚੂੰਕਿ ਸਿਆਸਤ ਤੋਂ ਉਕੇ ਹੀ ਅਲੱਗ ਤੇ ਸ਼ਾਂਤਮਈ ਦੇ ਹਾਮੀ ਸਨ, ਇਸ ਲਈ ਛਾਛੀ ਦੇ ਸਾਰੇ ਜਤਨ ਨਿਸਫਲ ਹੋ ਗਏ ਤੇ ਉਹ ਏਨੀ ਸਖਤ ਵਿਰੋ-ਧਤਾ ਦੇ ਬਾਵਜੂਦ ਬਾਬਾ ਜੀ ਤੇ ਉਨ੍ਹਾਂ ਦੇ ਨਿਰੰਕਾਰੀ ਮਿਸ਼ਨ ਦਾ ਇਕ ਵਾਲ ਵੀ ਵਿੰਗਾ ਨਾ ਕਰ ਸਕਿਆ। ਫੇਰ ਛਾਛੀ ਨੇ ਨਿਰਾਸ ਹੋ ਕੇ ਰਾਵਲਪਿੰਡੀ ਦੇ ਤਹਿਸੀਲਦਾਰ ਰਾਹੀਂ ਪੰਚਾਇਤ ਦੇ ਸਾਹਮਣੇ ਬਾਬਾ ਜੀ ਨੂੰ ਧਮਕਾਉਣ ਦੇ ਜਤਨ ਵੀ ਕੀਤੇ, ਪਰ ਬਾਬਾ ਜੀ ਦੀ ਨਿਡਰਤਾ ਦੇ ਕਾਰਨ ਉਹ ਸਾਰੇ ਜਤਨ ਵੀ ਨਿਸਫਲ ਹੋਏ।



Digitized by Panjab Digital Library | www.panjabdigilib.org

੩

# ਨਿਰੰਕਾਰੀ ਦਰਬਾਰ ਦੀ ਸਥਾਪਨਾ

## ਪ੍ਰਾਰੰਭ–

ਰਾਵਲਪਿੰਡੀ ਦੇ ਨਿਰੰਕਾਰੀ ਦਰਬਾਰ ਦੀ ਇਹ ਸਥਾਪਨਾ ਵੀ ਬੜੀ ਅਜੀਬ ਇਤਿਹਾਸਕ ਘਟਨਾ ਹੈ। ਇਹ ਵਾਕਿਆ ਇਸ ਤਰ੍ਹਾਂ ਹੋਇਆ ਕਿ ਸ: ਨਿਹਾਲ ਸਿੰਘ ਛਾਛੀ ਤੇ ਦੀਵਾਨ ਤੌਰੂ ਰਾਇ ਨੇ ਬਾਬਾ ਦਿਆਲ ਜੀ ਦੇ ਨਿਰੰਕਾਰੀ ਮਿਸ਼ਨ ਨੂੰ ਬੰਦ ਕਰਨ ਦਾ ਕੋਈ ਹੋਰ ਤਰੀਕਾ ਸਫਲ ਨਾ ਦੇਖਿਆ ਤਾਂ ਰਾਵਲਪਿੰਡੀ ਦੀ ਪੰਚਾਇਤ ਵਲੋਂ ਬਾਬਾ ਜੀ ਦਾ ਬਾਈਕਾਟ ਕਰਵਾ ਦਿਤਾ ਤੇ ਇਸਦੇ ਨਾਲ ਹੀ ਗੁਰਦਵਾਰਾ ਪਿਸ਼ੌਰੀਆਂ ਦੇ ਦਰਵਾਜੇ ਬੰਦ ਕਰਵਾ ਦਿਤੇ ਗਏ ਤਾਂਕਿ ਓਥੇ ਜਾ ਕੇ ਦੇਵੀ-ਦੇਵਤਿਆਂ ਦੇ ਵਿਰੁਧ ਗੁਰਮਤਿ ਪ੍ਰਚਾਰ ਨਾ ਕਰ ਸਕਣ। ਜਦ ਬਾਬਾ ਦਿਆਲ ਜੀ ਨੇ ਆਪਣੇ ਸਾਹਮਣੇ ਇਕ ਕਰੜੀ ਬੰਦਸ਼ ਲਗੀ ਹੋਈ ਦੇਖੀ ਤਾਂ ਉਹ ਬੜੀ ਮੁਸ਼ਕਲ ਵਿਚ ਪੈ ਗਏ।

## ਨਿਰੰਕਾਰੀ ਦਰਬਾਰ–

ਇਸ ਮੁਸ਼ਕਲ ਨੂੰ ਹੱਲ ਕਰਨ ਲਈ ਬਾਬਾ ਜੀ ਨੇ ਤੁਰਤ ਫੁਰਤ ਨਗਰ ਰਾਵਲਪਿੰਡੀ ਦੇ ਦੱਖਣ-ਪੱਛਮ ਵਲ ਕੁਝ ਕੁ ਮੀਲ ਦੀ ਵਿੱਥ ਤੇ ਇਕ ਖਾਲੀ ਜ਼ਮੀਨ ਜਿਥੇ ਬੜੇ ਝਾੜ ਝੱਖੜ ਤੇ ਕੰਢੇਦਾਰ ਥੋਹਰ ਉਗੇ ਹੋਏ ਸਨ, 80) ਰੁਪਏ ਖਰਚ ਕੇ ਖਰੀਦੀ ਤੇ ਆਪਣੇ ਨਾਂ ਉਸ ਜ਼ਮੀਨ ਦੀ ਰਜਿਸਟਰੀ ਤਹਿਸੀਲ ਵਿਚੋਂ ਕਰਵਾਈ। ਫੇਰ ਉਥੇ 3 ਦਸੰਬਰ ਸੰਨ 1851 ਈ: ਨੂੰ ਨਿਰੰਕਾਰ ਵਾਹਿਗੁਰੂ ਦਾ ਅਰਦਾਸਾ ਸੋਧ ਕੇ ਪੰਜ ਸਿੰਘਾਂ–ਭਾਈ ਰਾਮ ਸਿੰਘ ਸੁਥਰਾ, ਭਾਈ ਰਾਮ ਸਿੰਘ ਜੱਗੀ, ਭਾਈ ਸ਼ਾਮ ਸਿੰਘ, ਭਾਈ ਰਤਨ ਸਿੰਘ ਨੰਦਾ



Digitized by Panjab Digital Library | www.panjabdigilib.org

ਤੇ ਭਾਈ ਗਰੀਬ ਸਿੰਘ ਬ੍ਰਾਹਮਣ ਦੇ ਹਥੋਂ ਨਿਰੰਕਾਰੀ ਦਰਬਾਰ ਦੀ ਨੀਂਹ ਰਖਵਾ ਦਿਤੀ ਤੇ ਉਸ ਥਾਵੇਂ ਸਤਿਸੰਗ ਲਈ ਗੁਰਦਵਾਰੇ ਦੀ ਉਸਾਰੀ ਸ਼ੁਰੂ ਕਰਵਾ ਦਿਤੀ। ਸਤਿਸੰਗੀਆਂ ਦੀ ਮਦਦ ਨਾਲ ਇਹ ਇਮਾਰਤ ਛੇਤੀ ਹੀ ਤਿਆਰ ਹੋ ਗਈ।

ਬਸ ਫੇਰ ਕੀ, ਗੁਰਮਤਿ ਦਾ ਪ੍ਰਚਾਰ ਏਥੇ ਹੀ ਉਸੇ ਤਰ੍ਹਾਂ ਬੜੀ ਤੇਜ਼ੀ ਨਾਲ ਸ਼ੁਰੂ ਹੋ ਗਿਆ।

ਇਸ ਸਥਾਨ-ਬਦਲੀ ਦਾ ਨਤੀਜਾ ਇਹ ਹੋਇਆ ਕਿ ਕਿਤਨੇ ਹੀ ਸਤਿ ਸੰਗੀ, ਜੋ ਏਨੇ ਪੱਕੇ ਵਿਚਾਰਾਂ ਦੇ ਨਹੀਂ ਸਨ, ਇਸ ਨਵੇਂ ਦਰਬਾਰ ਵਿਚ ਆਉਣੋਂ ਹਟ ਗਏ। ਉਨ੍ਹਾਂ ਵਿਚੋਂ ਸਤਿਸੰਗੀ ਅਕੀਦੇ ਦੇ ਕਚੇ ਹੋਣ ਕਰਕੇ ਉਂਜ ਹੀ ਨਿਰੰਕਾਰੀ ਮਿਸ਼ਨ ਨਾਲੋਂ ਟੁਟ ਗਏ। ਪਰ ਫਿਰ ਵੀ ਜਿਤਨੇ ਉਹ ਸਤਿਸੰਗੀ ਟੁਟੇ ਸਨ ਉਤਨੇ ਹੀ ਹੋਰ ਵਧੇਰੇ ਬਾਬਾ ਜੀ ਦੇ ਸਚੇ ਸੁਚੇ ਪ੍ਰਚਾਰ ਦੀ ਦਿਲਚਸਪੀ ਕਾਰਣ ਇਸ ਪਾਸੇ ਝੁਕੇ ਤੇ ਪਕੇ ਨਿਰੰਕਾਰੀ ਬਣ ਗਏ। ਕੁਝ ਵਹਿਮੀ ਲੋਕਾਂ ਨੇ ਇਹ ਖਿਆਲ ਕਰਕੇ ਕਿ ਗੁਰਦਵਾਰਾ ਪਸ਼ੌਰੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜੋ ਪਵਿਤਰ ਬੀੜ ਸੀ, ਉਸ ਵਿਚ ਵੀ ਬਾਬਾ ਜੀ ਦਾ ਨਿਰੰਕਾਰੀ ਜਾਦੂ ਧੂੜਿਆ ਹੋਇਆ ਦਸਿਆ, ਜਿਸ ਕਰਕੇ ਸ: ਨਿਹਾਲ ਸਿੰਘ ਛਾਛੀ ਤੇ ਦੀਵਾਨ ਤੌਰੂ ਰਾਇ ਦੀ ਉਕਸਾਹਟ ਨਾਲ ਜੋ ਕਿ ਖੁਦ ਵੀ ਪਕੇ ਵਹਿਮੀ ਸਨ, ਉਹ ਬੀੜ ਉਥੇ ਰਖਣੀ ਮੁਨਾਸਿਬ ਨਾ ਸਮਝੀ। ਇਸੇ ਕਾਰਨ ਕੁਝ ਦਿਨਾਂ ਪਿਛੋਂ ਹੀ ਉਹ ਬੀੜ ਸ: ਨਿਹਾਲ ਸਿੰਘ ਛਾਛੀ ਤੇ ਦੀਵਾਨ ਤੌਰੂ ਰਾਇ ਦੇ ਹੁਕਮ ਨਾਲ ਸਿਖਾਂ ਨੂੰ ਚੁਕਾਕੇ ਬਾਹਰਵਾਰ ਗੁਰੂ ਬਾਬੇ ਦੇ ਨਿਰੰਕਾਰੀ ਦਰਬਾਰ ਵਿਚ ਭੇਜ ਦਿਤੀ।

ਜਦ ਬਾਬਾ ਦਿਆਲ ਜੀ ਨੂੰ ਪਤਾ ਲਗਾ ਕਿ ਉਹ ਬੀੜ ਸਾਹਿਬ ਦਰਬਾਰ 'ਚ ਪਹੁੰਚ ਰਹੀਹੈ ਤਾਂ ਅਗੋਂ ਬਾਬਾ ਜੀ ਪਹਿਲਾਂ ਹੀ ਬੜੀ ਅਧੀਨਗੀ ਨਾਲ ਹੱਥ ਜੋੜਕੇ ਖਲੋ ਗਏ ਤੇ ਉਸ ਬੀੜ ਦੇ ਆਉਣ ਤੇ ਬੋਲੇ-

"ਬਾਬਾ! ਮੈਂ ਤਾਂ ਆਪਨੂੰ ਛੱਡ ਆਇਆ ਸਾਂ, ਪਰ ਆਪਜੀ ਨੇ ਮੈਨੂੰ ਨਹੀਂ ਵਿਸਾਰਿਆ।"

ਬਾਬਾ ਜੀ ਨੇ ਉਸ ਬੀੜ ਦਾ ਦਰਬਾਰ ਵਿਚ ਬੜੇ ਮਾਣ ਸਨਮਾਨ ਨਾਲ ਪ੍ਰਕਾਸ਼ ਕੀਤਾ ਤੇ ਮਹਾਂਵਾਕ ਪ੍ਰਾਪਤ ਹੋਇਆ-

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਜੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥



Digitized by Panjab Digital Library | www.panjabdigilib.org

ਗੁਰਸਿਖਾਂ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥
ਜਨ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥
(ਆਸਾ ਮਹਲਾ ੪)

## ਭਾਈ ਸ਼ਾਮ ਸਿੰਘ ਤੇ ਰਾਮ ਸਿੰਘ ਦਾ ਉਧਾਰ-

ਭਾਈ ਸ਼ਾਮ ਸਿੰਘ ਜੀ ਨੇ, ਜੋ ਕਿ ਨਵੇਂ ਹੀ ਪਨਸਾਰੀ ਬਣਕੇ ਰਾਵਲ-ਪਿੰਡੀ ਆਏ ਸਨ। ਸ: ਨਿਹਾਲ ਸਿੰਘ ਛਾਛੀ ਤੇ ਦੀਵਾਨ ਤੋਰੂ ਰਾਇ ਦੇ ਮਨ੍ਹਾ ਕਰਨ ਤੇ ਇਕ ਦਿਨ ਬਾਬਾ ਦਿਆਲ ਜੀ ਦਾ ਜਸ ਸੁਣਕੇ ਉਨ੍ਹਾਂ ਨੇ ਦਰਬਾਰ ਵਿਚ ਜਾ ਹਾਜ਼ਰੀ ਦਿਤੀ। ਅਗੇ ਰਾਗ ਰਾਮਕਲੀ ਮਹਲਾ ੫ ਦਾ ਇਹ ਸ਼ਬਦ ਬੜੀ ਮਿੱਠੀ ਸੁਰ ਨਾਲ ਪੜ੍ਹ ਰਹੇ ਸਨ-

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਦੇ ਦੁਖ।
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥

ਇਹ ਸ਼ਬਦ ਸੁਣਨ ਸਾਰ ਭਾਈ ਸ਼ਾਮ ਸਿੰਘ ਵੈਰਾਗ ਵਿਚ ਆਕੇ ਗਦ ਗਦ ਹੋ ਗਏ ਤੇ ਬਾਬਾ ਦਿਆਲ ਜੀ ਦੇ ਪਾਸ ਪ੍ਰਾਰਥਨਾ ਕਰਨ ਲਗੇ-

"ਮਹਾਰਾਜ ! ਇਹ ਨਾਮ ਕਦੋਂ ਤੇ ਕਿਸ ਵੇਲੇ ਜਪੀਦਾ ਹੈ।" ਤਾਂ ਅਗੋਂ ਬਚਨ ਹੋਇਆ-

ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥

ਬਾਬਾ ਜੀ ਦਾ ਇਹ ਬਚਨ ਸੁਣਕੇ ਹੀ ਭਾਈ ਸ਼ਾਮ ਸਿੰਘ ਦੀ ਨਿਸ਼ਾ ਹੋ ਗਈ ਤੇ ਉਹ ਉਨ੍ਹਾਂ ਤੋਂ ਨਾਮ-ਦਾਨ ਲੈ ਕੇ ਨਿਰੰਕਾਰੀ ਬਣ ਗਿਆ।

ਇਸੇ ਤਰ੍ਹਾਂ ਭਾਈ ਭਗਵਾਨ ਸਿੰਘ ਨਾਮੀ ਸਰ ਕਾਲ ਕਸਰ ਤਹਿਸੀਲ ਚਕਵਾਲ ਵਾਲੇ ਦੀ ਸਾਖੀ ਹੈ। ਉਹ ਭਾਈ ਜਵਾਹਰ ਸਿੰਘ ਦਾ ਪੁਤਰ ਸੀ ਤੇ ਉਸਦੇ ਚਾਰ ਭਰਾ ਹੋਰ ਸਨ-ਭਾਈ ਮਥਰਾ ਸਿੰਘ, ਹਜ਼ੂਰਾ ਸਿੰਘ ਆਦਿ। ਭਾਈ ਜਵਾਹਰ ਸਿੰਘ ਹਿੰਦੂ ਦੇਵੀ-ਦੇਵਤਿਆਂ ਦਾ ਪੁਜਾਰੀ ਸੀ।

ਇਕ ਵੇਰ ਜਦ ਭਾਈ ਭਗਵਾਨ ਸਿੰਘ ਰਾਵਲਪਿੰਡੀ ਕਿਸੇ ਕੰਮ ਆਇਆ ਤਾਂ ਉਸਦੇ ਪਿਤਾ ਜਵਾਹਰ ਸਿੰਘ ਨੇ ਤਾਕੀਦ ਕੀਤੀ ਕਿ ਤੂੰ ਉਥੇ ਬਾਬਾ ਦਿਆਲ ਜੀ ਦੀ ਸੰਗਤ ਵਿਚ ਨਾ ਜਾਈਂ। ਉਹ ਬੜਾ ਜਾਦੂਗਰ ਹੈ ਤੇ ਐਵੇਂ ਹੀ ਭਜਨ ਬੰਦਗੀ ਦੇ ਬਹਾਨੇ ਲੋਕਾਂ ਨੂੰ ਭਰਮਾ ਲੈਂਦਾ ਹੈ। ਜਿਹੜਾ ਵਿਅਕਤੀ ਉਸ ਕੋਲ ਦੀ ਲੰਘ ਜਾਂਦਾ ਹੈ, ਬਸ, ਫ਼ੇਰ ਉਹ ਉਸੇ ਦਾ ਹੋ ਜਾਂਦਾ



Digitized by Panjab Digital Library | www.panjabdigilib.org

ਹੈ। ਇਸ ਲਈ ਤੂੰ ਉਸ ਪਾਸਿਓਂ ਨਾ ਲੰਘੀਂ।

ਪਿਤਾ ਦੀ ਇਸ ਹਦਾਇਤ ਦੇ ਬਾਵਜੂਦ ਜਦ ਭਾਈ ਭਗਵਾਨ ਸਿੰਘ ਰਾਵਲਪਿੰਡੀ ਗਏ ਤਾਂ ਸ: ਨਿਹਾਲ ਸਿੰਘ ਛਾਛੀ ਆਦਿ ਦੇ ਰੋਕਣ ਦੇ ਬਾਵਜੂਦ ਵੀ ਮਲੋਜੋਰੀ ਜਾ ਬਾਬਾ ਜੀ ਦੇ ਦਰਬਾਰ ਵਿਚ ਪੁਜੇ। ਫੇਰ ਕੀ ਸੀ, ਉਸਨੂੰ ਨਿਰੰਕਾਰੀ ਦਰਬਾਰ ਵਿਚ ਪਹੁੰਚਦਿਆਂ ਹੀ ਨਾਮ-ਬਾਣੀ ਦੀ ਅਜਿਹੀ ਗੂੜ੍ਹੀ ਰੰਗਣ ਚੜ੍ਹੀ ਕਿ ਉਹ ਮਨ, ਵਚਨ ਤੇ ਕਰਮ ਤੋਂ ਉਨ੍ਹਾਂ ਦਾ ਹੋਇਆ। ਪਿਛੋਂ ਪਤਾ ਲੱਗਣ ਤੇ ਕਿ ਭਾਈ ਭਗਵਾਨ ਸਿੰਘ ਤਾਂ ਬਾਬਾ ਦਿਆਲ ਜੀ ਦਾ ਦਰਸ਼ਨ ਕਰਦਿਆਂ ਹੀ ਨਿਰੰਕਾਰੀ ਬਣ ਗਿਆ ਹੈ ਤਦ ਉਸਦੇ ਪਿਤਾ ਭਾਈ ਜਵਾਹਰ ਸਿੰਘ ਦੇ ਸਨਾਤਨੀ ਹਿਰਦੇ ਉਤੇ ਗਹਿਰੀ ਚੋਟ ਲਗੀ ਤੇ ਵਿਰਲਾਪ ਕਰਨ ਲਗ ਪਿਆ। ਪਰ ਉਸਨੂੰ ਇਹ ਪਤਾ ਨਹੀਂ ਸੀ ਕਿ ਜਦ ਉਸਦੇ ਬਾਕੀ ਚਾਰੇ ਪੁਤਰ ਵੀ ਵਾਰੋ ਵਾਰੀ ਰਾਵਲਪਿੰਡੀ ਪੁਜਕੇ ਨਿਰੰਕਾਰੀ ਬਣੇ ਤੇ ਪੰਜ ਪਾਂਡਵ ਕਹਿਕੇ ਪੁਕਾਰੇ ਜਾਣ ਲਗੇ ਤਾਂ ਭਾਈ ਜਵਾਹਰ ਸਿੰਘ ਵਿਚਾਰਾ ਚੁਪ ਕਰਕੇ ਬਹਿ ਗਿਆ। ਛੇਕੜ ਉਸਨੂੰ ਵੀ ਬੁਤ-ਪੂਜਾ ਛੱਡਕੇ ਨਿਰੰਕਾਰੀ ਬਣਨਾ ਹੀ ਪਿਆ। ਇਸ ਤਰ੍ਹਾਂ ਉਸਦੀ ਸਦਗਤੀ ਹੋ ਗਈ।

## ਮੰਡੀ ਕਾਰਨ ਗੰਜ—

ਬਾਬਾ ਦਿਆਲ ਜੀ ਦੇ ਧਾਰਮਿਕ ਪ੍ਰਚਾਰ ਦੀ ਸ਼ੁਹਰਤ ਸੁਣਕੇ ਰਾਵਲਪਿੰਡੀ ਦਾ ਇਕ ਅੰਗਰੇਜ਼ ਡਿਪਟੀ ਕਮਿਸ਼ਨਰ ਇਕ ਦਿਨ ਆਇਆ। ਉਹ ਮਜ਼ਬ ਦਾ ਈਸਾਈ ਹੋਣ ਦੇ ਬਾਵਜੂਦ ਬੜਾ ਖੁਲ੍ਹ ਦਿਲਾ ਸੀ। ਉਸਨੇ ਬਾਬਾ ਜੀ ਅੱਗੇ ਨਵਾਂ ਪ੍ਰਸਤਾਵ ਰਖਿਆ ਤੇ ਕਹਿਣ ਲਗਾ—

"ਸਰਕਾਰ ਇਸ ਨਗਰ ਦੇ ਪੱਛਮ ਵੱਲ ਇਕ ਮੰਡੀ ਬਨਾਉਣਾ ਚਾਹੁੰਦੀ ਹੈ, ਇਸ ਲਈ ਮੈਂ ਚਾਹੁੰਦਾ ਹਾਂ ਕਿ ਉਸ ਮੰਡੀ ਵਿਚ ਜਿਤਨੀਆਂ ਦੁਕਾਨਾਂ ਚਾਹੋ ਉਹ ਆਪਨੂੰ ਦਿਤੀਆਂ ਜਾਣ।"

ਬਾਬਾ ਜੀ ਉਸਦੇ ਪ੍ਰੇਮ ਭਰੇ ਸ਼ਰਧਾਭਾਵ ਦੇ ਬਚਨ ਸੁਣਕੇ ਭਾਵੇਂ ਅਜਿਹੀ ਕੋਈ ਇੱਛਾ ਨਹੀਂ ਸਨ ਰਖਦੇ। ਪਰ ਫਿਰ ਵੀ ਉਸਦੀ ਪ੍ਰਬਲ ਬੇਨਤੀ ਮੰਨਕੇ ਦਸ ਦੁਕਾਨਾਂ ਲੈਣੀਆਂ ਪ੍ਰਵਾਨ ਕਰ ਲਈਆਂ।

ਬਾਬਾ ਜੀ ਚੂੰਕਿ ਅਜਿਹੇ ਕਿਸੇ ਦੁਨਿਆਵੀ ਲਾਲਚ ਵਲੋਂ ਉਕੇ ਹੀ ਬੇ-ਪ੍ਰਵਾਹ ਹੋਣ ਕਰਕੇ ਨਿਰੋਲ ਨਾਮ-ਬਾਣੀ ਦੇ ਪ੍ਰਚਾਰ ਨਾਲ ਦਿਲੀ ਸਨੇਹ ਰਖਦੇ ਸਨ, ਇਸ ਲਈ ਉਹ ਦੁਕਾਨਾਂ ਆਪਨੇ ਬੜੀ ਖੁਲ੍ਹ ਦਿਲੀ ਨਾਲ



Digitized by Panjab Digital Library | www.panjabdigilib.org

ਆਪਣੇ ਨਿਰੰਕਾਰੀ ਸੇਵਕਾਂ ਨੂੰ ਵੰਡ ਦਿਤੀਆਂ । ਸਰਕਾਰ ਵਲੋਂ ਉਸ ਮੰਡੀ ਦਾ ਨਾਂ ਕਾਰਨ ਗੰਜ ਮੰਡੀ ਰਖਿਆ ਗਿਆ ।

## ਪੂਰਬਲੇ ਜਨਮ ਦੀ ਤਪੋ ਭੂਮੀ ਦਿਆਲ ਸਰ–

ਰਾਵਲਪਿੰਡੀ ਤੋਂ ਦੱਖਣ-ਪੂਰਬ ਵਲ ਤਿੰਨ ਮੀਲ ਦੀ ਵਿਥ ਤੇ 'ਲਈ' ਨਦੀ ਦੇ ਕਿਨਾਰੇ ਇਕ ਇਕਾਂਤ ਸਥਾਨ ਬਾਬਾ ਦਿਆਲ ਜੀ ਨੂੰ ਭਜਨ-ਬੰਦਗੀ ਵਾਸਤੇ ਬਹੁਤ ਪਸੰਦ ਆਇਆ, ਜਿਸ ਕਰਕੇ ਆਪ ਉਥੇ ਜਾ ਬੈਠਦੇ ਤੇ ਨਾਮ-ਸਿਮਰਨ ਕਰਨ ਲਗ ਪੈਂਦੇ ਸਨ । ਉਸ ਅਸਥਾਨ ਦੇ ਨੇੜੇ ਹੀ ਇਕ ਬੜਾ ਅੱਛਾ ਛੰਭ ਸੀ । ਕਈ ਵੇਰ ਆਪ ਲੋਰ ਵਿਚ ਆਕੇ ਆਪਣੇ ਸਜਨਾਂ ਸਨੇਹੀਆਂ ਨੂੰ ਦਸਿਆ ਕਰਦੇ ਸਨ ਕਿ ਇਹ ਉਨ੍ਹਾਂ ਦੀ ਪੂਰਬਲੇ ਜਨਮ ਦੀ ਤਪੋ ਭੂਮੀ ਹੈ ।

ਪਤਾ ਨਹੀਂ ਕਿਉਂ ਅਚਾਨਕ ਇਹੋ ਖਬਰ ਕਿਸ ਤਰ੍ਹਾਂ ਨਿਰੰਕਾਰੀ ਮਿਸ਼ਨ ਦੇ ਵਿਰੋਧੀਆਂ ਨੂੰ ਮਿਲ ਗਈ । ਜਿਸ ਕਰਕੇ ਉਨ੍ਹਾਂ ਨੇ ਐਵੇਂ ਰੌਲਾ ਪਾ ਦਿਤਾ । ਆਖਰ ਉਸ ਅਸਥਾਨ ਦੀ ਤਫਤੀਸ਼ ਵਾਸਤੇ ਇਕ ਦਿਨ ਰਾਵਲਪਿੰਡੀ ਦਾ ਡਿਪਟੀ ਕਮਿਸ਼ਨਰ ਆਇਆ ਤੇ ਤਸਦੀਕ ਵਜੋਂ ਇਸ ਕਥਨ ਤੇ ਸਬੂਤ ਮੰਗਣ ਲਗਾ, ਕਿਉਂਕਿ ਸਰਕਾਰ ਉਥੇ ਬੁਚੜਖਾਨਾ ਖੋਲ੍ਹਣਾ ਚਾਹੁੰਦੀ ਸੀ । ਬਾਬਾ ਜੀ ਨੇ ਸੁਭਾਵਿਕ ਹੀ ਡਿਪਟੀ ਕਮਿਸ਼ਨਰ ਨੂੰ ਇਸ ਗਲੋਂ ਰੋਕਿਆ ਤੇ ਕਿਹਾ ਕਿ ਫਲਾਣੀ ਥਾਂ ਜ਼ਰਾ ਪੁਟ ਕੇ ਦੇਖੋ ।

ਬਾਬਾ ਜੀ ਦੇ ਇਸ ਤਰ੍ਹਾਂ ਕਹਿਣ ਤੇ ਜਦ ਡਿਪਟੀ ਕਮਿਸ਼ਨਰ ਨੇ ਉਹ ਥਾਂ ਹੁਕਮਨ ਪੁਟਵਾਈ ਤਾਂ ਉਥੋਂ ਬਾਬਾ ਜੀ ਦੇ ਦਸੇ ਅਨੁਸਾਰ ਸੰਤ ਆਸ਼-ਰਮ ਦੀਆਂ ਨਿਸ਼ਾਨੀਆਂ ਆਸਨ,ਫੁਹੜੀ,ਕੋਇਲੇ ਤੇ ਕੁਝ ਵਰਤੋਂ ਵਾਲੇ ਬਰਤਨ ਨਿਕਲੇ । ਇਹ ਦੇਖਕੇ ਡਿਪਟੀ ਕਮਿਸ਼ਨਰ ਬੜਾ ਪ੍ਰਭਾਵਿਤ ਹੋਇਆ ਤੇ ਸਾਰੇ ਲੋਕ, ਨਿਹਾਲ ਸਿੰਘ ਛਾਛੀ ਤੇ ਦੀਵਾਨ ਤੋਰੂ ਰਾਇ ਆਦਿ ਬਹੁਤ ਸ਼ਰਮਿੰਦੇ ਹੋਏ ।

ਅਖੀਰ ਫੈਸਲੇ ਵਜੋਂ ਡਿਪਟੀ ਕਮਿਸ਼ਨਰ ਨੇ ਉਹ ਪਵਿਤਰ ਅਸਥਾਨ ਨਿਰੰਕਾਰੀ ਬਾਬੇ ਦੀ ਤਪੋ ਭੂਮੀ ਮੰਨਕੇ ਬਾਬਾ ਦਿਆਲ ਜੀ ਨੂੰ ਹੀ ਦੇ ਦਿਤਾ ਤੇ ਕਿਹਾ ਕਿ ਹੁਣ ਤੁਸੀਂ ਏਥੇ ਆਪਣਾ ਪੱਕਾ ਅਸਥਾਨ ਬਣਾ ਲਓ । ਬਸ ਫੇਰ ਕੀ ਸੀ ਪਿਛੋਂ ਇਹੋ ਤਪੋ ਭੂਮੀ ਸ੍ਰੀ ਦਿਆਲਸਰ ਦੇ ਨਾਂ ਨਾਲ ਪ੍ਰਸਿਧ ਹੋਈ ।



Digitized by Panjab Digital Library | www.panjabdigilib.org

ਬਾਬਾ ਦਰਬਾਰਾ ਸਿੰਘ ਜੀ ਦੀ ਪਰਖ–

ਫ਼ੇਰ ਜਨਵਰੀ ਸੰਨ 1855 ਈ: ਵਿਚ ਜਦ ਬਾਬਾ ਦਿਆਲ ਜੀ ਨੇ ਦੇਖਿਆ ਕਿ ਉਨ੍ਹਾਂ ਦੀ ਸਿਹਤ ਜਵਾਬ ਦੇ ਰਹੀ ਹੈ ਤੇ ਹੁਣ ਚੋਲਾ ਛੱਡਣ ਦਾ ਸਮਾਂ ਨੇੜੇ ਪੁਜ ਰਿਹਾ ਹੈ ਤਾਂ ਉਨ੍ਹਾਂ ਆਪਣੇ ਚਲਾਏ ਹੋਏ ਗੁਰੂ ਨਾਨਕ ਦੇ ਇਸ ਨਿਰੰਕਾਰੀ ਮਿਸ਼ਨਦੀ ਸੌਂਪਣਾ ਆਪਣੇ ਵੱਡੇ ਸਪੁਤਰ ਬਾਬਾ ਦਰਬਾਰਾ ਸਿੰਘ ਜੀ ਨੂੰ ਦੇਣੀ ਚਾਹੀ। ਪਰ ਪਹਿਲਾਂ ਇਸ ਗੱਲ ਦੀ ਪਰਖ ਕਰਨੀ ਚਾਹੀ ਕਿ ਕੀ ਉਹ ਇਸ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਅਗੇ ਤੋਰ ਸਕਣਗੇ ਕਿ ਨਹੀਂ ? ਇਸ ਲਈ ਉਨ੍ਹਾਂ ਨੇ ਬਾਬਾ ਦਰਬਾਰਾ ਸਿੰਘ ਜੀ ਨੂੰ ਕਿਹਾ–

ਬੇਟਾ ! ਤੁਸੀਂ ਦੇਖਦੇ ਹੋ ਕਿ ਰਾਵਲਪਿੰਡੀ ਦੇ ਵਡੇ ਵਡੇ ਸਰਮਾਏਦਾਰ ਸਰਦੇ ਪੁਜਦੇ ਸਰਦਾਰ ਤੇ ਸਾਡੇ ਭੂਆ ਦੇ ਪੁਤਰ ਕਿਤਨੇ ਵਿਰੋਧੀ ਹਨ ? ਇਸੇ ਕਾਰਨ ਉਨ੍ਹਾਂ ਨੇ ਇਸੇ ਪ੍ਰਭਾਵ ਹੇਠ ਆਕੇ ਇਸ ਲਾਈ ਲਗ ਭਾਈ-ਚਾਰੇ ਨੇ ਵੀ ਸਾਡਾ ਤੇ ਸਾਡੇ ਮਿਸ਼ਨ ਦਾ ਬਾਈਕਾਟ ਕਰ ਰਖਿਆ ਹੈ। ਇਸ ਹਾਲਤ ਵਿਚ ਜੇ ਸਾਡਾ ਅਚਾਨਕ ਦੇਹਾਂਤ ਹੋ ਜਾਏ ਤਾਂ ਤੁਸੀਂ ਇਕੱਲੇ ਕੀ ਕਰੋਗੇ ?

ਇਹ ਬਚਨ ਸੁਣਕੇ ਬਾਬਾ ਦਰਬਾਰਾ ਸਿੰਘ ਜੀ ਨੇ ਬੜੀ ਨਿਮਰਤਾ ਨਾਲ ਕਿਹਾ–

"ਮਹਾਰਾਜ ! ਗੁਰੂ ਨਾਨਕ ਨਿਰੰਕਾਰੀ ਦੀ ਮੇਹਰ ਦਾ ਸਦਕਾ ਮੈਂ ਇਕੱਲਾ ਹੀ ਇਸ ਸੇਵਾ ਲਈ ਕਾਫੀ ਹਾਂ।"

ਚਾਰ ਸੱਜਣ ਇਕੱਠੇ ਕਰਨੇ ਕੋਈ ਵੱਡੀ ਗਲ ਨਹੀਂ ਤੇ ਮੈਂ ਉਨ੍ਹਾਂ ਦੀ ਮਦਦ ਨਾਲ ਆਪਜੀ ਦੇ ਪੰਜਭੂਤਕ ਸਰੀਰ ਨੂੰ 'ਲਈ' ਦੇ ਛੰਭ ਵਿਚ ਜਲ ਪ੍ਰਵਾਹ ਕਰ ਦਿਆਂਗਾ। ਬਾਬਾ ਦਿਆਲ ਜੀ ਮੁਸਕ੍ਰਾਕੇ ਬੋਲੇ–

"ਬੇਟਾ ਦਰਬਾਰੇ ! ਚਾਰ ਸੱਜਣਾਂ ਨੂੰ ਵੀ ਦੋਖੀ ਸਾਡੀ ਅਰਥੀ ਨੂੰ ਚੁਕਣ ਤੋਂ ਵਰਜਣਗੇ।" ਦਰਬਾਰਾ ਸਿੰਘ ਜੀ ਨੇ ਚਾਰ ਮਜਦੂਰ ਕਿਰਾਏ ਤੇ ਲੈਕੇ ਜਾਣ ਦੀ ਗਲ ਛੇੜੀ ਤਾਂ ਸਾਹਿਬ ਦਿਆਲ ਜੀ ਬੋਲੇ–

"ਬੇਟਾ ! ਮਜ਼ਦੂਰ ਨੂੰ ਜੇਕਰ ਤੂੰ ਇਕ ਰੁਪਿਆ ਦੇਣਾ ਕਰੇਂਗਾ ਤਾਂ ਵਿਰੋਧੀ ਉਨ੍ਹਾਂ ਨੂੰ ਦਸ ਰੁਪੈ ਦਾ ਲਾਲਚ ਦੇਕੇ ਜਾਣ ਤੋਂ ਰੋਕ ਲੈਣਗੇ।"

ਤਾਂ ਦਰਬਾਰਾ ਸਿੰਘ ਜੀ ਨੇ ਬੜੀ ਅਧੀਨਗੀ ਨਾਲ ਬਿਨੈ ਕੀਤੀ–



Digitized by Panjab Digital Library | www.panjabdigilib.org

"ਮਹਾਰਾਜ ਮੈਂ ਇਕੱਲਾ ਹੀ ਅਰਥੀ ਨਾਲ ਰੱਸਾ ਬੰਨ੍ਹ ਲਵਾਂਗਾ ਤੇ ਦੂਜਾ ਸਿਰਾ ਆਪਣੇ ਲੱਕ ਨਾਲ ਬੰਨ੍ਹਕੇ ਆਪਦੇ ਪੰਜ ਭੂਤਕ ਸਰੀਰ ਨੂੰ 'ਲਈ' ਦੇ ਛੰਭ ਤਕ ਲਿਜਾਕੇ ਜਲ ਪ੍ਰਵਾਹ ਕਰ ਦਿਆਂਗਾ। ਆਪ ਹੀ ਨੇ ਤਾਂ ਇਹ ਉਪਦੇਸ਼ ਦ੍ਰਿੜਾਇਆ ਹੈ—

ਜੇ ਮਿਰਤਕ ਕਉ ਚੰਦਨੁ ਚੜਾਵੈ ॥
ਉਸ ਤੇ ਕਹਹੁ ਕਵਨ ਫਲ ਪਾਵੈ ॥
ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥
ਤਾਂ ਮਿਰਤਕ ਕਾ ਕਿਆ ਘਟ ਜਾਈ ॥੩॥
ਕਹਤ ਕਬੀਰ ਹਉ ਕਹਉ ਪੁਕਾਰਿ ॥
ਸਮਝਿ ਦੇਖੁ ਸਾਕਤ ਗਾਵਾਰ ॥
ਦੂਜੈ ਭਾਇ ਬਹੁਤੁ ਘਰ ਗਾਲੇ ॥
ਰਾਮ ਭਗਤ ਹੈ ਸਦਾ ਸੁਖਾਲੇ ॥੪॥੪॥੧੨॥

(ਪੰਨਾ ੧੧੬੦)

ਇਹ ਬਚਨ ਸੁਣਕੇ ਬਾਬਾ ਦਿਆਲ ਜੀ ਨੇ ਆਪਣੇ ਸਹਿਯੋਗ ਸਪੁਤਰ ਬਾਬਾ ਦਰਬਾਰਾ ਸਿੰਘ ਜੀ ਨੂੰ ਆਪਣੀ ਛਾਤੀ ਨਾਲ ਲਾ ਲਿਆ ਤੇ ਗੁਰਮਤਿ ਦੀ ਪ੍ਰਜੱਲਤ ਜੋਤ ਉਨ੍ਹਾਂ ਦੇ ਅੰਦਰ ਵਧੇਰੇ ਰੌਸ਼ਨ ਹੋਕੇ ਚਮਕਣ ਲਗੀ।

## ਬਾਬਾ ਜੀ ਦੀ ਬ੍ਰਹਮ ਜੋਤ ਵਿਚ ਲੀਨਤਾ—

ਬਾਬਾ ਦਿਆਲ ਜੀ ਦਾ ਸਰੀਰ ਜਨਵਰੀ ਸੰਨ 1855 ਈ: ਦੇ ਸ਼ੁਰੂ ਵਿਚ ਹੀ ਢਿੱਲਾ ਰਹਿਣ ਲਗ ਪਿਆ ਸੀ ਤੇ ਦਿਨੋ ਦਿਨ ਇਹ ਕਮਜ਼ੋਰੀ ਵਧਦੀ ਹੀ ਗਈ। ਆਖਰ 29 ਜਨਵਰੀ ਸੰਨ 1855 ਈ: ਨੂੰ ਬਾਬਾ ਜੀ ਨੇ ਅੰਤਮ ਸੰਦੇਸ਼ ਵਜੋਂ ਪਹਿਲਾਂ ਸਾਰੀ ਸੰਗਤ ਨੂੰ ਬੜੇ ਪ੍ਰੇਮ ਭਰੇ ਸ਼ਬਦਾਂ ਵਿਚ ਇਹ ਆਦੇਸ਼ ਦਿਤਾ—

"ਅਸੀਂ ਹੁਣ ਅੱਜ ਤੋਂ ਹੀ ਨਿਰੰਕਾਰੀ ਮਿਸ਼ਨ ਦਾ ਸਾਰਾ ਕੰਮ ਆਪਣੇ ਨੌਨਿਹਾਲ ਸਾਹਿਬ ਦਰਬਾਰਾ ਸਿੰਘ ਜੀ ਨੂੰ ਸੌਂਪ ਦਿਤਾ ਹੈ। ਹੁਣ ਤੁਸੀਂ



Digitized by Panjab Digital Library | www.panjabdigilib.org

ਇਸਦੇ ਨਾਲ ਮਨ, ਵਚਨ ਤੇ ਕਰਮ ਤੋਂ ਗੁਰੂ ਘਰ ਦੀ ਸੇਵਾ ਕਰਨੀ ਤੇ ਨਾਮ ਬਾਣੀ ਦਾ ਸਿਮਰਨ ਕਰਦੇ ਰਹਿਣਾ ਤੇ ਕਦੇ ਪਰਸਪਰ ਕਿਸੇ ਪ੍ਰਕਾਰ ਦੀ ਆਪਸ ਵਿਚ ਵਿਰੋਧਤਾ ਨਹੀਂ ਕਰਨੀ ਤੇ ਸ੍ਰੀ ਦਰਬਾਰਾ ਸਿੰਘ ਦੇ ਕਹਿਣ ਮੁਤਾਬਿਕ ਗੁਰਮਤਿ ਸੰਬੰਧੀ ਸਾਰਾ ਕਾਰ ਵਿਹਾਰ ਚਲਾਉਣ।"

ਇਸੇ ਤਰ੍ਹਾਂ ਆਪਣੇ ਛੋਟੇ ਸਪੁਤਰ ਬਾਬਾ ਰਤਨ ਚੰਦ ਜੀ ਨੂੰ ਦੁਕਾਨ-ਦਾਰੀ ਦਾ ਸਾਰਾ ਕੰਮ ਖੁਸ਼ ਅਸਲੂਬੀ ਨਾਲ ਨਿਭਾਉਣ ਦੀਆਂ ਹਦਾਇਤਾਂ ਕਰਕੇ ਆਦੇਸ਼ ਦਿਤਾ—

"ਬੇਟਾ! ਤੁਸਾਂ ਆਪਣੇ ਵੱਡੇ ਭਰਾ ਦਰਬਾਰਾ ਸਿੰਘ ਦਾ ਹਮੇਸ਼ਾਂ ਮਨ, ਵਚਨ ਤੇ ਕਰਮ ਤੋਂ ਆਗਿਆਕਾਰ ਹੋਕੇ ਰਹਿਣਾ ਤੇ ਵਿਰੋਧੀਆਂ ਦੇ ਪ੍ਰਭਾਵ ਹੇਠ ਨਹੀਂ ਆਉਣਾ ਤੇ ਮੇਰਾ ਸਰੀਰ 'ਲਈ' ਨਦੀ ਦੇ ਛੰਭ ਵਿਚ ਜਲ ਪ੍ਰਵਾਹ ਕਰਨਾ।"

ਜਦ ਇਹ ਸਭ ਹਦਾਇਤਾਂ ਸਾਰੀ ਨਿਰੰਕਾਰੀ ਸੰਗਤ ਨੇ ਮਨਜ਼ੂਰ ਕੀਤੀਆਂ ਤੇ ਸਾਹਿਬ ਰਤਨ ਚੰਦ ਜੀ ਤੇ ਬਾਬਾ ਭਾਗ ਮੱਲ ਜੀ ਨੇ ਸਾਰੀ ਸੰਗਤ ਸਮੇਤ ਬਾਬਾ ਦਰਬਾਰਾ ਸਿੰਘ ਜੀ ਦੇ ਅਗੇ ਬੜੀ ਨਿੰਮ੍ਰਤਾ ਸਹਿਤ ਉਨ੍ਹਾਂ ਦੇ ਹੁਕਮ ਮੁਤਾਬਿਕ ਚਲਣ ਦਾ ਅਹਿਦਨਾਮਾ ਕਰਕੇ ਸਿਰ ਝੁਕਾਇਆ ਤਾਂ ਬਾਬਾ ਦਿਆਲ ਜੀ ਬੜੇ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਬਾਬਾ ਦਰਬਾਰਾ ਸਿੰਘ ਜੀ ਨੂੰ ਬਕਾਇਦਾ ਉਥੇ ਹੀ ਆਪਣੀ ਥਾਵੇਂ ਨਿਰੰਕਾਰੀ ਮਿਸ਼ਨ ਦਾ ਪ੍ਰਮੁਖ ਆਗੂ ਥਾਪ ਦਿਤਾ।

ਇਸਤੋਂ ਬਾਅਦ ਬਾਬਾ ਦਿਆਲ ਜੀ ਜੋ ਪਹਿਲਾਂ ਹੀ ਨਾਮ ਬਾਣੀ ਦੇ ਆਸਰੇ ਬੜੇ ਸ਼ਾਂਤੀ ਸਰੂਪ ਸਨ, ਭਾਈ ਰਾਮ ਸਿੰਘ ਦੇ ਮੂੰਹੋਂ ਗਉੜੀ ਸੁਖਮਨੀ ਮਹਲਾ ੫ ਦਾ ਪਾਠ ਸੁਣਦੇ ਹੋਏ ਅਚਾਨਕ ਹੀ ਮੂੰਹ ਕੱਜਕੇ ਨਾਮ ਸਿਮਰਨ ਕਰਦੇ ਹੋਏ ਰਾਤੀਂ 30 ਜਨਵਰੀ 1855 ਈ: ਨੂੰ ਆਪਣੇ ਪੰਜ ਭੂਤਕ ਸਰੀਰ ਨਾਲੋਂ ਸੰਬੰਧ ਤੋੜਕੇ ਹਮੇਸ਼ਾਂ ਲਈ ਬ੍ਰਹਮ ਜੋਤਿ ਵਿਚ ਲੀਨ ਹੋ ਗਏ। ਸਾਰੀ ਰਾਤ ਉਥੇ ਨਾਮ ਬਾਣੀ ਦਾ ਕੀਰਤਨ ਹੁੰਦਾ ਰਿਹਾ ਤੇ ਫੇਰ ਅਗਲੀ ਸਵੇਰ



Digitized by Panjab Digital Library | www.panjabdigilib.org

ਬਾਬਾ ਦਰਬਾਰਾ ਸਿੰਘ ਜੀ ਨੇ ਉਨ੍ਹਾਂ ਦੇ ਆਦੇਸ਼ ਮੁਤਾਬਿਕ ਸਾਰੀ ਸੰਗਤ ਸਮੇਤ ਬਾਬਾ ਜੀ ਦਾ ਸਰੀਰ 'ਲਈ' ਨਦੀ ਦੇ ਕੰਢੇ ਉਸ ਛੰਭ ਪਰ ਪਹੁੰਚਾਇਆ ਜਿਥੋਂ ਕਿ ਉਨ੍ਹਾਂ ਦੀ ਤਪੋ ਭੂਮੀ ਸੀ ਤੇ ਬਕਾਇਦਾ ਕੀਰਤਨ ਸੋਹਿਲਾ, ਅਨੰਦ ਸਾਹਿਬ ਤੇ ਅਰਦਾਸਾ ਸੋਧਕੇ ਬਾਬਾ ਜੀ ਦਾ ਸਰੀਰ ਉਸ ਛੰਭ ਵਿਚ ਜਲ ਪ੍ਰਵਾਹ ਕਰ ਦਿਤਾ। ਸੰਗਤ ਵਿਚ ਹਰਖ ਸੋਗ ਤੋਂ ਰਹਿਤ ਹੋਕੇ ਕੜਾਹ ਪ੍ਰਸ਼ਾਦ ਦੀ ਦੇਗ ਤੇ ਲੁਚੀਆਂ ਵਰਤਾਈਆਂ ਗਈਆਂ। ਪਿਛੋਂ ਇਹੋ 'ਲਈ' ਨਦੀ ਦੇ ਛੰਭ ਦੇ ਕੰਢੇ ਗੁਰਦਵਾਰਾ ਬਣਨ ਤੇ ਸ੍ਰੀ ਦਿਆਲ ਸਰ ਅਸਥਾਨ ਦੇ ਨਾਂ ਨਾਲ ਪ੍ਰਸਿਧ ਹੋਇਆ।

††

## ਬਾਬਾ ਦਿਆਲ ਜੀ ਦਾ ਨਿਤ ਕਰਮ

ਸਿਮਰਨ ਕੀਰਤਨ ਬੰਦਗੀ ਗੁਰਬਾਣੀ ਵੀਚਾਰ,
ਨੇਮ ਇਹੋ ਸੀ ਆਪ ਦਾ, ਨਿਤ ਦਾ ਇਹੋ ਵਿਹਾਰ।


ਗੁਰਦਵਾਰੇ ਪਹੁੰਚ ਕੇ ਟਹਿਲ ਕਮਾਵਣ ਆਪ,
ਜੋੜੇ ਝਾੜਨ ਤੇ ਕਰਨ ਗੁਰਬਾਣੀ ਦਾ ਜਾਪ।

ਸਭ ਨੂੰ ਦੇਂਦੇ ਤ੍ਰੁੱਠ ਕੇ ਇਹ ਸਿਖਿਆ ਉਪਦੇਸ਼,
ਸਿਮਰਨ ਵਿਚ ਲਿਵਲੀਨ ਰਹੁ ਰਖ ਗਰੀਬੀ ਵੇਸ।

ਭੁਲੇ ਭਟਕੇ ਨਾ ਫਿਰੋ, ਲੌ ਜੀਵਨ ਦਾ ਲਾਹ,
ਗੁਰੂ ਨਾਨਕ ਦਾ ਫੜ ਲਓ ਉਤਮ ਗਾਡੀ ਰਾਹ।



Digitized by Panjab Digital Library | www.panjabdigilib.org



ਸ੍ਰੀ ਸਾਹਿਬ ਦਰਬਾਰਾ ਸਿੰਘ ਜੀ ਦੀ ਅਗਵਾਈ ਹੇਠ
ਸ੍ਰੀ ਨਿਰੰਕਾਰੀ ਦਰਬਾਰ ਰਾਵਲ ਪਿੰਡੀ ਵਿਖੇ
ਗੁਰਮਤਿ ਅਨੰਦ ਵਿਵਾਹ ਦਾ ਦ੍ਰਿਸ਼
ਚੇਤਰ ਦੀ ਸੰਗਰਾਂਦ ਸੰਮਤ 1912 (ਸੰਨ 1855 ਈ।)

Digitized by Panjab Digital Library | www.panjabdigilib.org

ਕੀਮਤ–2–00

ਪ੍ਰਕਾਸ਼ਕ–

ਸ੍ਰੀ ਨਿਰੰਕਾਰੀ ਦਰਬਾਰ ਕੇਂਦਰੀ ਸਭਾ
ਅੰਮ੍ਰਿਤਸਰ/ਚੰਡੀਗੜ੍ਹ

ਪ੍ਰਿੰਟਰ–

ਸ: ਪਰਮਜੀਤ ਸਿੰਘ
ਦਰਬਾਰ ਪ੍ਰਿੰਟਿੰਗ ਪ੍ਰੈਸ,
ਚੌਂਕ ਘੰਟਾ ਘਰ, ਅੰਮ੍ਰਿਤਸਰ ।

Digitized by Panjab Digital Library | www.panjabdigilib.org

B-1518

Digitized by Panjab Digital Library | www.panjabdigilib.org

Digitized by Panjab Digital Library | www.panjabdigilib.org